# ਸਮਤਾ

ਨਵੰਬਰ 1987 (ਅੰਕ 90)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਮਤਾ

ਨਵੰਬਰ 1987 — 90

ਮੁੱਲ--ਦੋ ਰੁਪਏ

ਸੰਪਾਦਕੀ :

## ਇਸ ਵੇਲੇ ਗੋਲਮੇਜ਼ ਇਕੋ ਹੱਲ ਹੈ

ਪੰਜਾਬ ਦੀ ਸਥਿਤੀ ਜਿਸ ਪੜਾਅ ਤੇ ਪੁੱਜੀ ਹੋਈ ਹੈ, ਉਹਦੇ ਬਾਰੇ ਦੇਸ਼ ਵਿਚ ਇਕ ਸਪੱਸ਼ਟ ਰਾਏਆਮਾ ਉੱਭਰ ਰਹੀ ਹੈ। ਉਹੀ ਲੋਕ ਜੋ ਕਿਸੇ ਵੇਲੇ ਅਤਿਵਾਦ ਅਤੇ ਵੱਖਵਾਦ ਜਾਂ ਖਾਲਿਸਤਾਨੀ ਦਹਿਸ਼ਤਗਰਦੀ ਨੂੰ ਪੰਜਾਬ ਦਾ ਮੁੱਖ ਮਸਲਾ ਸਮਝਦੇ ਸਨ ਅਤੇ ਕੇਂਦਰ ਦੀ ਹਰ ਕਾਰਵਾਈ ਦੇ ਪੱਖ ਵਿਚ ਖਲੋਂਦੇ ਸਨ, ਉਹ ਵੀ ਇਹ ਕਹਿਣ ਜਾਂ ਲਿਖਣ ਤੇ ਮਜਬੂਰ ਹੋਏ ਹਨ ਕਿ ਇਹ ਮਸਲਾ ਕੇਂਦਰ ਦੀ ਪੰਜਾਬ ਵਲ ਦਿਖਾਈ ਜਾ ਰਹੀ ਲਾਪ੍ਰਵਾਹੀ ਜਾਂ ਕੇਂਦਰ ਦੀਆਂ ਗਲਤ ਨੀਤੀਆਂ ਕਰਕੇ ਹੀ ਨਹੀਂ ਸੁਲਝ ਰਿਹਾ। ਭਾਰਤ ਦੀਆਂ ਵੱਖ ਵੱਖ ਮੈਗਜ਼ੀਨਾਂ ਵਿਚ ਜਿਹੜੀਆਂ ਟਿੱਪਣੀਆਂ ਆ ਰਹੀਆਂ ਹਨ, ਉਹਨਾਂ ਵਿਚ ਜੇ ਸਿੱਖ ਦਹਿਸ਼ਤਗਰਦਾਂ ਹਥੋਂ ਕੀਤੇ ਜਾ ਰਹੇ ਕਤਲਾਂ ਦੀ ਜਾਇਜ਼ ਤੌਰ ਤੇ ਨਿਖੇਧੀ ਹੈ, (ਇਹ ਨਿਖੇਧੀ ਜਿੰਨੇ ਵੀ ਜ਼ੋਰਦਾਰ ਸ਼ਬਦਾਂ ਵਿਚ ਕੀਤੀ ਜਾਏ, ਉਹ ਥੋੜ੍ਹੀ ਹੈ) ਉਥੇ ਭਾਰਤ ਸਰਕਾਰ ਵਲੋਂ ਪੰਜਾਬ ਨਾਲ ਤੇ ਵਿਸ਼ੇਸ਼ ਕਰਕੇ ਸਿਖ ਕਮਿਊਨਿਟੀ ਨਾਲ ਕੀਤੇ ਜਾ ਰਹੇ ਧੱਕੇ ਦਾ ਵੀ ਬੜਾ ਆਮ ਜ਼ਿਕਰ ਹੈ। ਸਿਖ ਕਮਿਊਨਿਟੀ ਬਹੁਤੇ ਭਾਰਤ ਵਿਚ ਹੁਣ ਅਲੱਗ ਥਲੱਗ ਨਹੀਂ। ਹੁਣ ਇਹ ਕਮਿਊਨਿਟੀ ਇਹ ਸ਼ਿਕਾਇਤ ਨਹੀਂ ਕਰ ਸਕਦੀ ਕਿ ਭਾਰਤ ਵਿਚ ਉਹਨਾਂ ਦਾ ਕੋਈ ਦੋਸਤ ਨਹੀਂ। ਨਿਖਿਲ ਚੱਕਰਵਰਤੀ ਵਰਗੇ ਪੱਤ੍ਰਕਾਰ ਵੀ ਜੋ ਰਾਜੀਵ ਦੇ ਬੜੇ ਨੇੜੇ ਦੇ ਵੀ ਕਹੇ ਜਾ ਸਕਦੇ ਹਨ, ਇਹ ਲਿਖਣ ਤੇ ਮਜਬੂਰ ਹੋਏ ਹਨ ਕਿ ਦਿੱਲੀ ਦੇ ਹਾਕਮ ਪੰਜਾਬ ਦੀ ਪੀੜ ਨੂੰ ਨਹੀਂ ਸਮਝ ਰਹੇ (ਇਸ ਅੰਕ ਵਿਚ ਅਸੀਂ ਉਹਨਾਂ ਦਾ ਇਕ ਲੇਖ ਛਾਪ ਰਹੇ ਹਾਂ) ਕੁਲਦੀਪ ਨਈਅਰ, ਤਾਰ ਕੁੰਡੇ, ਇੰਦਰ ਗੁਜਰਾਲ, ਚੰਦਰਸ਼ੇਖਰ, ਫਾਰੂਖ ਅਬਦੁੱਲ, ਕਿੰਨੀਆਂ ਹੀ ਹਸਤੀਆਂ ਕੇਂਦਰ ਦੇ ਗਲਤ ਸਟੈਂਡ ਵਿਰੁੱਧ ਡੱਟਕੇ ਬੋਲ ਰਹੀਆਂ ਹਨ। ਕੇਂਦਰ ਵਲੋਂ ਇਹ ਕਹਿਣਾ ਕਿ ਪੰਜਾਬ ਮਸਲਾ ਹੱਲ ਕਰਨ ਲਈ ਕਿਸ ਨਾਲ ਗੱਲ ਬਾਤ ਕਰੀਏ ? ਇਕ ਬੜੀ ਹੀ ਨਾਵਾਜਬ ਗੱਲ ਕਰਾਰ ਦਿਤੀ ਗਈ ਹੈ। ਜੋਧਪੁਰ ਦੇ ਕੈਦੀਆਂ ਦੀ ਰਿਹਾਈ ਲਈ, ਦਿੱਲੀ ਦੇ 2700 ਬੰਦਿਆਂ ਦੇ 68 ਕਾਤਲਾਂ ਵਿਰੁੱਧ ਜਿਨ੍ਹਾਂ ਦੀ ਪਹਿਚਾਣ ਹੋ ਚੁੱਕੀ ਹੈ ਅਤੇ ਉਹ ਦਿੱਲੀ ਦੀਆਂ ਵੱਖ ਵੱਖ ਆਬਾਦੀਆਂ ਵਿਚ ਦਨਦਨਾਦੇ ਫਿਰ ਰਹੇ ਹਨ) ਕਾਨੂੰਨੀ ਕਾਰਵਾਈ ਕਰਨ ਲਈ, ਨਜ਼ਰਬੰਦ ਸਿੱਖ ਲੀਡਰਾਂ ਨੂੰ ਰਿਹਾ ਕਰਨ ਲਈ. ਚੰਦੀਗੜ੍ਹ ਪੰਜਾਬ ਨੂੰ ਦੇਣ ਲਈ (ਹਰਿਆਣੇ ਨੂੰ ਜਾਇਜ਼ ਮੁਆਵਜ਼ਾ ਦੇ ਕੇ) ਅਤੇ ਪੰਜਾਬ ਵਿਚ ਦਮਨ ਨੀਤੀਆਂ ਬੰਦ ਕਰਨ ਲਈ ਕਿਸੇ ਨਾਲ ਗੱਲਬਾਤ ਕਰਨ ਦੀ ਲੋੜ ਨਹੀਂ। ਇਹ ਕੇਂਦਰ ਆਪਣੇ ਆਪ ਹੀ ਕਰ

---

ਇਸ ਅੰਕ ਵਿਚ

ਸੰਪਾਦਕੀ : ਗੋਲਮੇਜ਼ ਇਕੋ ਹੱਲ ਹੈ/ਗੁਰਸ਼ਰਨ ਸਿੰਘ

ਸੰਪਾਦਕੀ ਟਿੱਪਣੀਆਂ o ਇਕ ਜ਼ਾਤੀ ਰੀਪੋਰਟ/ਪਲਸ ਮੰਚ : ਸੁਪਨੇ ਪੂਰੇ ਹੋਏ/ਗੁਰਸ਼ਰਨ ਸਿੰਘ

ਕਹਾਣੀ : ਸ਼ਨਾਖ਼ਤ/ਮਿੱਤਰਸੈਨ ਮੀਤ

ਪਾਠਕ ਲੇਖਕ ਫੋਰਮ : ਪਲਸ ਮੰਚ ਬਨਾਮ ਸੁਰਖ ਰੇਖਾ/ਗੁਰਦੀਪ ਗਰੇਵਾਲ

ਸਕਦਾ ਹੈ ।

ਹਾਲਾਤ ਨੂੰ ਸਾਧਾਰਨੀ ਕਰਨ ਵਾਸਤੇ ਜ਼ਰੂਰੀ ਕਦਮ ਹੋਵੇਗਾ ਪੰਜਾਬ ਮਸਲੇ ਦਾ ਸਾਰੀਆਂ ਧਿਰਾਂ ਦੀ ਸਲਾਹ ਨਾਲ ਇਕ ਜਮਹੂਰੀ ਹੱਲ ਲੱਭਣਾ । ਪੰਜਾਬ ਦੇ ਹਾਲਾਤ ਸਾਧਾਰਨ ਨਹੀਂ ਹਨ, ਭਾਵੇਂ ਸ਼ਹਿਰਾਂ ਵਿਚ ਚਹਿਲ ਪਹਿਲ ਹੈ, ਮੰਡੀਆਂ ਵਿਚ ਅਨਾਜ ਵੀ ਆ ਰਿਹਾ ਹੈ, ਸਕੂਲ ਕਾਲਜ ਵੀ ਖੁਲ੍ਹੇ ਹਨ, ਸਭਿਆਚਾਰਕ ਸਰਗਰਮੀਆਂ ਵੀ ਹਨ, ਗਵਰਨਰ ਸਾਹਿਬ ਵੀ ਬੜੇ ਜਲਸੇ ਕਰਦੇ ਹਨ, ਪਰ ਸਭ ਕੁਝ ਦੇ ਬਾਵਜੂਦ ਵਾਤਾਵਰਨ ਵਿਚ ਇਕ ਸਹਿਮ ਹੈ । ਕੇਂਦਰ ਨੇ ਇਹ ਹੱਠ ਫੜਿਆ ਹੈ ਕਿ ਪੰਜਾਬ ਵਿਚ ਜਿਨਾ ਚਿਰ ਹਿੰਸਕ ਕਾਰਵਾਈਆਂ ਬੰਦ ਨਹੀਂ ਹੁੰਦੀਆਂ, ਕੋਈ ਵੀ ਗੱਲਬਾਤ ਨਹੀਂ ਹੋ ਸਕਦੀ । ਪੁਲੀਟੀਕਲ ਪਾਰਟੀਆਂ ਕਹਿੰਦੀਆਂ ਨੇ ਕਿ ਜਮਹੂਰੀਅਤ ਬਹਾਲ ਕਰੋ ਯਾਨੀ ਉਹਨਾਂ ਨਾਲ ਗੱਲਬਾਤ ਕਰੋ । ਬਰਨਾਲੇ ਵਰਗੇ ਤਾਂ ਇਹ ਕਹਿਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕਰਦੇ ਕਿ ਉਹਨਾਂ ਨੂੰ ਵਜ਼ਾਰਤ ਦੇਵੋ (ਅਗੇ ਜਿਸ ਤਰ੍ਹਾਂ ਬੜੀਆਂ ਪੂਰੀਆਂ ਪਾ ਲਈਆਂ ਹਨ) । ਭਾਰਤੀ ਜਨਤਾ ਪਾਰਟੀ ਨੇ ਇਹ ਰੱਟ ਲਗਾਈ ਹੋਈ ਏ ਕਿ ਸੁਰੱਖਿਆ ਪੱਟੀ ਬਣਾਓ (ਦੱਸ ਲੱਖ ਕਿਸਾਨ ਉਜੜ ਜਾਣ ਕੋਈ ਪਰਵਾਹ ਨਹੀਂ) ਪੰਜਾਬ ਫੌਜ ਹਵਾਲੇ ਕਰੋ ਆਦਿਕ । ਇਕ ਖੜੋਤ ਜਿਹੀ ਆਈ ਹੋਈ ਹੈ ਪਿਛਲੇ 6 ਮਹੀਨਿਆਂ ਤੋਂ ਅਤੇ ਰੇਅ ਅਤੇ ਰੇਬੇਰੋ ਡੰਡੇ ਨਾਲ ਮੱਸਲੇ ਦੇ ਹਲ ਦੇ ਮਗਰ ਪਏ ਹੋਏ ਹਨ । ਪੰਜਾਬ ਦੇ ਲੋਕਾਂ ਦਾ ਬੜਾ ਨੁਕਸਾਨ ਹੋ ਰਿਹਾ ਹੈ (ਜਾਨੀ ਤੇ ਮਾਲੀ) **ਫੇਰ ਕੀ ਕੀਤਾ ਜਾਏ ?** ਇਸ ਵੇਲੇ ਫੌਰੀ ਹੱਲ ਇਕੋ ਤੇ ਸਿਰਫ ਇਕੋ ਹੈ ਕਿ ਸਾਰੀਆਂ ਧਿਰਾਂ ਦੀ ਗੋਲ ਮੇਜ਼ ਕਾਨਫਰੰਸ ਬੁਲਾਈ ਜਾਏ, ਜਿਸ ਵਿਚ ਉਹ ਵੀ ਧਿਰ ਸ਼ਾਮਲ ਕੀਤੀ ਜਾਏ ਜਿਸਦੀ ਨੁਮਾਂਇਦਗੀ ਹੁਣ **ਪੰਥਕ ਕਮੇਟੀ** ਕਰਦੀ ਹੈ । ਗੋਲ ਮੇਜ਼ ਕਾਨਫਰੰਸ ਲਈ ਪਹਿਲਕੱਦਮੀ ਕੇਂਦਰ ਵਲੋਂ ਆਉਣੀ ਚਾਹੀਦੀ ਹੈ । ਜ਼ਰੂਰੀ ਹੈ ਕਿ ਇਸ ਗੋਲਮੇਜ਼ ਦਾ ਸਦਾ ਪੰਥਕ ਕਮੇਟੀ ਸਵੀਕਾਰ ਨਹੀਂ ਕਰੇਗੀ, ਉਹ ਕੁਝ ਸ਼ਰਤਾਂ ਪੇਸ਼ ਕਰੇਗੀ । ਇਹ ਵੀ ਆਖੇਗੀ ਕਿ ਉਹ ਖਾਲਿਸਤਾਨ ਨਾਲੋਂ ਘੱਟ ਕਿਸੇ ਚੀਜ਼ ਬਾਰੇ ਗੱਲਬਾਤ ਕਰਨ ਲਈ ਤਿਆਰ ਨਹੀਂ, ਇਸੇ ਤਰ੍ਹਾਂ ਕੇਂਦਰ ਵੀ ਸ਼ਰਤਾਂ ਰਖੇਗਾ ਕਿ ਖਾਲਿਸਤਾਨ ਦੀ ਮੰਗ ਨਹੀਂ ਮੰਨੀ ਜਾ ਸਕਦੀ । ਪਰ ਇਹਨਾਂ ਦੋਨਾਂ ਧਿਰਾਂ ਉਤੇ ਬਾਕੀ ਦੀਆਂ ਧਿਰਾਂ ਦਬਾਅ ਪਾਉਣਗੀਆਂ ਅਤੇ ਗੱਲਬਾਤ ਦਾ ਵਾਤਾਵਰਨ ਬਣੇਗਾ । ਦੋਨੋਂ ਧਿਰਾਂ ਵਲੋਂ ਹਿੰਸਕ ਕਾਰਵਾਈਆਂ ਬੰਦ ਕਰਨ ਦੀ ਸ਼ਰਤ ਵੀ ਅਗੇ ਆਏਗੀ । ਗੱਲਬਾਤ ਕਦੀ ਟੁੱਟੇਗੀ, ਫੇਰ ਸ਼ੁਰੂ ਹੋਵੇਗੀ । ਕਿਸੇ ਨੁਕਤੇ ਤੇ ਫੇਰ ਟੁੱਟੇਗੀ, ਫੇਰ ਸ਼ੁਰੂ ਹੋਵੇਗੀ । ਸਿਆਸੀ ਗੱਲਬਾਤ ਦਾ ਇਹ ਦਸਤੂਰ ਹੈ । ਰੂਸ ਅਤੇ ਅਮਰੀਕਾ ਪਿਛਲੇ 40 ਸਾਲਾਂ ਤੋਂ ਗੱਲਬਾਤ ਕਰ ਰਹੇ ਹਨ । ਦੁਨੀਆਂ ਬਾਕੀ ਅਗੇ ਸੱਚੇ ਹੋਣ ਲਈ ਉਹ ਬਹੁਤ ਵਾਰੀ ਅਪਣੇ ਸਟੈਂਡ ਬਦਲਦੇ ਹਨ । ਲਚਕਦਾਰ ਪੁਜੀਸ਼ਨਾਂ ਲੈਂਦੇ ਹਨ । ਪੰਜਾਬ ਸਥਿਤੀ ਦੇ ਸਾਧਾਰਨੀਕਰਨ ਲਈ ਵੀ ਇਹ ਗੋਲਮੇਜ਼ ਹੀ ਇਕੋ ਵਾਹਦ ਹੱਲ ਹੈ । ਖਲਕਤ ਦੀ ਆਵਾਜ਼ ਉੱਚੀ ਸੁਰ ਵਿਚ ਇਹੋ ਹੋਣੀ ਚਾਹੀਦੀ ਹੈ ।

- ਕਿਸੇ ਵੀ ਧਿਰ ਵਲੋਂ ਕੀਤੇ ਜਾ ਰਹੇ ਖਾਮਖਾਹ ਦੇ ਕਤਲ ਇਨਸਾਨੀਅਤ ਵਿਰੁੱਧ ਵਡਾ ਗੁਨਾਹ ਹਨ ਇਹ ਫੌਰਨ ਬੰਦ ਹੋਣੇ ਚਾਹੀਦੇ ਹਨ ।
- ਕੋਈ ਵੀ ਧਿਰ ਜਿਹੜੀ ਇਸ ਮਸਲੇ ਨੂੰ ਡੰਡੇ ਨਾਲ, ਹਿੰਸਕ ਕਾਰਵਾਈਆਂ ਨਾਲ, ਹਲ ਕਰਨਾ ਚਾਹੁੰਦੀ ਹੈ, ਉਹ ਲੋਕਾਂ ਦੀ ਦੁਸ਼ਮਣ ਹੈ ।
- 20ਵੀਂ ਸਦੀ ਦੇ ਅਖੀਰ ਵਿਚ ਲੋਕਾਂ ਦੇ ਜਮਹੂਰੀ ਹੱਕਾਂ ਉਤੇ ਛਾਪੇ ਮਾਰਦੇ ਕਾਲੇ ਕਾਨੂੰਨ ਸਮੁੱਚੀ ਮਨੁੱਖਤਾ ਨੂੰ ਚਣੌਤੀ ਹਨ, ਉਹ ਫੌਰੀ ਵਾਪਸ ਹੋਣੇ ਚਾਹੀਦੇ ਹਨ ।
- ਇਹ ਦੇਸ਼ ਸਾਰੇ ਲੋਕਾਂ ਦਾ ਸਾਂਝਾ ਹੈ । ਅਣਖ ਨਾਲ ਜੀਣ ਦਾ ਹੱਕ ਸਾਰਿਆਂ ਦਾ ਹੈ । ਵੱਖ ਵੱਖ ਕੌਮੀਅਤਾਂ ਜੇਕਰ ਅਪਣੇ ਤਰੀਕੇ ਨਾਲ ਜੀਣ ਦਾ ਹੱਕ ਮੰਗਦੀਆਂ ਹਨ ਤਾਂ ਕਿਸੇ ਨੂੰ ਉਹਨਾਂ ਦੀ ਮੰਗ ਨੂੰ ਦੇਸ਼ ਵਿਰੋਧੀ ਕਹਿਣ ਦਾ ਹੱਕ ਨਹੀਂ ਕਿਉਂਕਿ ਦੇਸ਼ ਭਗਤੀ ਕਿਸ਼ੇ ਇਕ ਕਮਿਊਨਿਟੀ ਦੀ ਇਜਾਰੇਦਾਰੀ ਨਹੀਂ ।
- ਅਸੂਲੀ ਤੌਰ ਤੇ ਹਰ ਮਸਲੇ ਦਾ ਹਲ ਗੱਲਬਾਤ ਨਾਲ ਹੋਣਾ ਚਾਹੀਦਾ ਹੈ ।
- ਗੱਲਬਾਤ ਵਿਚ ਸਾਰੀਆਂ ਧਿਰਾਂ ਨੂੰ ਸ਼ਾਮਲ ਕਰੋ ।
- ਗੱਲਬਾਤ ਖੁਫੀਆ ਨਾ ਕਰੋ ਲੋਕਾਂ ਨੂੰ ਵਿਸ਼ਵਾਸ਼ ਵਿਚ ਲਵੋ ।

ਇਹਨਾਂ ਨੁੱਕਤਿਆਂ ਦੇ ਦੁਆਲੇ ਇਕ ਲੋਕ ਆਵਾਜ਼ ਨੂੰ ਜਥੇਬੰਦ ਕਰਨਾ ਸਾਡਾ ਫੌਰੀ ਫਰਜ਼ ਹੈ । / ਗੁਰਸ਼ਰਨ ਸਿੰਘ

## ਸੰਪਾਦਕੀ ਟਿੱਪਣੀਆਂ

**੦ ਇਹ ਕਿਹੋ ਜਿਹਾ ਸਭਿਆਚਾਰ ਹੈ ? ਇਹ ਕਿਹੋ ਜਿਹੀਆਂ ਰੀਤੀਆਂ ਹਨ ?**

ਬੰਬਈ ਦੀਆਂ ਔਰਤ ਪੱਤਰਕਾਰਾਂ ਦੀ ਇਕ ਟੋਲੀ ਨੇ ਰਾਜਸਥਾਨ ਜਾ ਕੇ ਰੂਪ ਕੰਵਰ ਦੇ ਸਤੀ ਕਾਂਡ ਦੀ ਪੂਰੀ ਤਰ੍ਹਾਂ ਤਪਤੀਸ਼ ਕੀਤੀ ਹੈ, ਮੌਕੇ ਤੇ ਹਾਜ਼ਰ ਲੋਕਾਂ ਤੋਂ ਪੁਛ ਗਿਛ ਕਰਨ ਤੇ ਇਹ ਗੱਲ ਬਾਹਰ ਆਈ ਹੈ ਕਿ ਰੂਪ ਕੰਵਰ ਨੇ ਮਰਜ਼ੀ ਨਾਲ ਸਤੀ ਹੋਣਾ ਪ੍ਰਵਾਨ ਨਹੀਂ ਕੀਤਾ ਸੀ। ਉਹਦੇ ਪਤੀ ਦੀ ਲਾਸ਼ ਜਦੋਂ ਘਰ ਲਿਆਂਦੀ ਗਈ ਤੇ ਉਹਨੂੰ ਇਹ ਭਿਣਕ ਪਈ ਕਿ ਉਹਨੂੰ ਸਤੀ ਹੋਣ ਲਈ ਮਜਬੂਰ ਕੀਤਾ ਜਾਏਗਾ ਤਾਂ ਉਹ ਡਰਦੇ ਮਾਰੇ ਖੇਤਾਂ ਵਿਚ ਜਾ ਕੇ ਲੁੱਕ ਗਈ। ਇਹ ਵੀ ਦਸਿਆ ਗਿਆ ਕਿ ਚਿਤਾ ਉਤੇ ਉਹ ਆਪਣੇ ਕਦਮਾਂ ਨਾਲ ਨਹੀਂ ਚੜ੍ਹੀ, ਸਗੋਂ ਉਹਨੂੰ ਧਰੀਕਕੇ ਚੜ੍ਹਾਇਆ ਗਿਆ। ਉਹਦੀਆਂ ਚੀਕਾਂ ਦੀ ਆਵਾਜ਼ ਨੂੰ ਢੋਲ ਨਗਾਰਿਆਂ ਅਤੇ ਲਾਊਡ ਸਪੀਕਰਾਂ ਉਤੇ ਪੜ੍ਹੇ ਜਾਂਦੇ ਮੰਤਰਾਂ ਦੇ ਸ਼ੋਰ ਥੱਲੇ ਦਬਾ ਦਿਤਾ ਗਿਆ। ਪੱਤਰਕਾਰਾਂ ਦੀ ਟੋਲੀ ਨੇ ਇਹ ਵੀ ਦਸਿਆ ਕਿ ਸਤਾਰਾਂ ਸਾਲ ਦੀ ਇਸ ਕੁੜੀ ਦੀ ਬਲੀ ਨੂੰ ਫੇਰ ਵਪਾਰ ਵਾਂਗ ਵਰਤਿਆ ਗਿਆ। ਉਹਦੀ ਯਾਦ ਵਿਚ ਮੰਦਰ ਬਨਾਉਣ ਲਈ ਲੱਖਾਂ ਰੁਪਏ ਇਕੱਠੇ ਕਰਨ ਦਾ ਵਪਾਰ ਹੁਣ ਸ਼ੁਰੂ ਹੈ। ਧਰਮ ਦੇ ਨਾਂ ਤੇ ਰੂਪ ਕੰਵਰ ਉਤੇ ਕੀਤਾ ਗਿਆ ਜ਼ੁਲਮ ਕੋਈ ਅਚਾਨਕ ਘਟਨਾ ਨਹੀਂ। ਰਾਜਸਥਾਨ ਵਿਚ ਕਾਇਮ ਸਤੀ ਮੰਦਰਾਂ ਤੇ ਮੇਲੇ ਕੀਤੇ ਜਾਂਦੇ ਹਨ। ਉਨ੍ਹਾਂ ਵਿਚ ਸਰਕਾਰ ਦੀ ਪੂਰੀ ਸ਼ਮੂਲੀਅਤ ਹੁੰਦੀ ਹੈ। ਸਰਕਾਰੀ ਮਹਿਕਮਿਆਂ ਦੇ ਸਟਾਲ ਇਹਨਾਂ ਮੇਲਿਆਂ ਤੇ ਬਕਾਇਦਾ ਲਗਦੇ ਹਨ। ਵੈਸੇ ਤਾਂ ਪ੍ਰਚੱਲਤ ਸਾਰੀਆਂ ਧਾਰਮਿਕ ਰੀਤੀਆਂ ਔਰਤਾਂ ਨੂੰ ਨੀਵਾਂ ਹੀ ਕਰਦੀਆਂ ਹਨ, (ਉਹਨਾਂ ਦੇ ਦਿਮਾਗਾਂ ਵਿਚ ਬਚਪਨ ਤੋਂ ਹੀ ਇਹ ਗੱਲ ਖੁਭਾ ਦਿਤੀ ਜਾਂਦੀ ਹੈ ਕਿ ਉਹਨਾਂ ਦੀ ਸਾਰੀ ਜ਼ਿੰਦਗੀ ਦਾ ਦਾਰੋਮਦਾਰ ਉਹਨਾਂ ਦੇ ਪਤੀ ਉਤੇ ਹੀ ਹੈ) ਪਰ ਇਸ ਇਕ ਘਟਨਾ ਨੇ ਦੁਨੀਆਂ ਦੀਆਂ ਨਜ਼ਰਾਂ ਵਿਚ ਭਾਰਤ ਵਾਸੀਆਂ ਨੂੰ ਸ਼ਰਮਸਾਰ ਕਰ ਦਿਤਾ ਹੈ। ਭਾਰਤ ਦੇ ਮਹਾਨ ਸਭਿਆਚਾਰ ਬਾਰੇ ਡੀਗਾਂ ਮਾਰਨ ਵਾਲਿਆਂ ਦੇ ਮੂੰਹ ਉਤੇ ਇਹ ਭਾਰੀ ਚਪੇੜ ਹੈ। ਵੀਹਵੀਂ ਸਦੀ ਦੀ ਵਿਗਿਆਨਿਕ ਸੋਚ ਦੇ ਮੁਕਾਬਲੇ ਭਾਰਤ ਦਾ ਸਭਿਆਚਾਰ ਇਕ ਪਿਛਾਕੜ ਸਭਿਆਚਾਰ ਹੈ। ਧਰਮ ਦੇ ਨਾਂ ਤੇ ਚੱਲ ਰਹੀਆਂ ਬਹੁਤ ਸਾਰੀਆਂ ਰੀਤੀਆਂ ਤੋਂ ਜਿੰਨੀ ਜਲਦੀ ਛੁਟਕਾਰਾ ਪਾਇਆ ਜਾ ਸਕੇ, ਉਨ੍ਹਾਂ ਹੀ ਚੰਗਾ `।

**੦ ਗਵਰਨਰ ਪੰਜਾਬ ਦੀਆਂ ਬੇਥਵੀਆਂ :** ਗਵਰਨਰ ਨੇ ਪੰਜਾਬ ਵਿਚ ਇਕ ਥਾਂ ਬੋਲਦੇ ਹੋਏ ਕਿਹਾ ਹੈ ਕਿ 99 ਫੀ ਸਦੀ ਪੰਜਾਬੀ ਖਾਲਿਸਤਾਨ ਦੇ ਵਿਰੋਧੀ ਹਨ। ਇਸ ਭਲੇਮਾਣਸ ਕੋਲੋਂ ਪੁਛਿਆ ਜਾਏ ਕਿ ਇਹ ਰਾਏਸ਼ੁਮਾਰੀ ਉਹਦੇ ਵਲੋਂ ਕਦੋਂ ਕਾਰਵਾਈ ਗਈ ਹੈ ? ਇਹਨਾਂ ਲੋਕਾਂ ਦੀਆਂ ਇਹੋ ਖੁਸ਼ਫਹਿਮੀਆਂ ਪੰਜਾਬ ਦੇ ਮਸਲੇ ਦਾ ਹੱਲ ਨਹੀਂ ਹੋਣ ਦੇ ਰਹੀਆਂ ਕਿਉਂਕਿ ਦਿੱਲੀ ਵਾਲੇ ਇਹਨਾਂ ਦੀ ਰੀਪੋਰਟਾਂ ਉਤੇ ਹੀ ਆਪਣੀਆਂ ਨੀਤੀਆਂ ਦਾ ਆਧਾਰ ਬਣਾਂਦੇ ਹਨ। ਇਕ ਗੱਲ ਜੋ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਰਾਏ-ਸ਼ੁਮਾਰੀ ਕਰਵਾਈ ਜਾਏ ਤਾਂ ਵੱਡੀ ਗਿਣਤੀ ਵਿਚ ਪੰਜਾਬ ਦੇ ਲੋਕ ਕੇਂਦਰ ਦੀਆਂ ਨੀਤੀਆਂ ਵਿਰੁੱਧ ਹੋਣਗੇ। ਸਮੁੱਚੇ ਦੇਸ਼ ਲਈ ਅਤੇ ਪੰਜਾਬ ਲਈ ਇਹ ਗੱਲ ਲਾਹੇਵੰਦ ਹੋਵੇਗੀ ਜੇਕਰ ਗਵਰਨਰ ਸਾਹਿਬ ਇਹ ਸਚਾਈ ਕੇਂਦਰ ਨੂੰ ਰੀਪੋਰਟ ਕਰਨ।

**੦ ਵੱਡਾ ਝੂਠ :** ਅਮਰੀਕਾ ਦੀ ਇਕ ਯੂਨੀ-ਵਰਸਟੀ ਵਿਚ ਬੋਲਦਿਆਂ ਰਾਜੀਵ ਗਾਂਧੀ ਨੇ ਕਿਹਾ ਕਿ ਭਾਰਤ ਵਿਚ ਵੋਟਾਂ ਦਾ ਸਿਸਟਮ ਧਰਮ ਅਤੇ ਜ਼ਾਤ ਪਾਤ ਅਧਾਰਤ ਸਿਆਸਤ ਦੀ ਬੁਨਿਆਦ ਹੈ। ਵੋਟਾਂ ਲੈਣ ਲਈ ਵੱਖ ਵੱਖ ਪਾਰਟੀਆਂ ਧਰਮ ਅਤੇ ਜ਼ਾਤ ਪਾਤ ਦਾ ਨਾਂ ਨਾਜਾਇਜ਼ ਤੌਰ ਤੇ ਵਰਤਦੀਆਂ ਹਨ। ਇਹ ਇਲਜ਼ਾਮ ਉਹਨਾਂ ਦੇ ਮੁੱਖ ਤੌਰ ਤੇ ਵਿਰੋਧੀ ਪਾਰਟੀਆਂ ਤੇ ਲਗਾ-ਇਆ ਤੇ ਆਪਣੇ ਬਾਰੇ ਦਾਅਵਾ ਕੀਤਾ ਕਿ ਉਹ ਇਸ ਸਿਆਸਤ ਨੂੰ ਖਤਮ ਕਰਨ ਲਈ ਵਚਨਬੱਧ ਹਨ। ਬਾਹਰਲੇ ਦੇਸ਼ਾਂ ਦੇ ਲੋਕਾਂ ਅਗੇ ਕੋਈ ਝੂਠ ਬੋਲ ਜਾਓ ਤਾਂ ਚੈਲੰਜ ਨਹੀਂ ਹੁੰਦਾ ਪਰ ਇਹੋ ਗੱਲ ਜੇਕਰ ਰਾਜੀਵ ਭਾਰਤ ਵਿਚ ਕਿਧਰੇ ਬੋਲਦਾ ਤਾਂ ਲੋਕ ਜੁੱਤੀ ਚੁੱਕ ਕੇ ਪੁੱਛਦੇ ਕਿ ਜਿਸ ਅਮਲ ਨੂੰ ਖਤਮ ਕਰਨ ਬਾਰੇ ਉਹ ਆਪਣੀ ਵਚਣਬੱਧੀ ਦਾ ਦਾਅਵਾ ਕਰਦਾ ਹੈ, ਉਹੀ ਅਮਲ ਪਹਿਲੇ ਉਹਦੀ ਮਾਂ ਵੋਟਾਂ ਲੈਣ ਲਈ ਵਰਤਦੀ ਰਹੀ ਹੈ ਤੇ ਹੁਣ ਉਹ ਆਪ ਵਰਤ ਰਿਹਾ ਹੈ। ਉਹਦੇ ਕੋਲੋਂ ਇਹ ਵੀ ਪੁਛਿਆ ਜਾ ਸਕਦਾ ਹੈ ਕਿ ਦਸੰਬਰ 1985 ਵਿਚ ਉਹਨੇ ਵੋਟ ਕਿਸ ਆਧਾਰ ਤੇ ਲਏ ਸਨ ?

**੦ ਕਿਸੇ ਕਲਾ ਕਿਰਤ ਨੂੰ ਹੋਛੀ ਕਿਰਤ ਕਹਿਣਾ ਕਿੰਨਾ ਕੁ ਵਾਜਬ ਹੈ ?**

'ਰਾਜ ਸਾਹਬਾਂ ਦਾ' ਪੰਜਾਬ ਦੇ ਮਸਲੇ ਬਾਰੇ ਇਕ ਸਿਆਸੀ ਨਾਟਕ ਹੈ ਜੋ ਸਮਤਾ ਅਗਸਤ ਅੰਕ ਵਿਚ ਛਪਿਆ ਡੇ 12 ਸਤੰਬਰ ਪਲਸ ਮੰਚ ਦੇ ਸਮਾਗਮ ਤੇ ਕੀਤਾ ਗਿਆ। ਇਸ ਤੋਂ ਪਹਿਲੇ ਇਸਦੀ ਪੇਸ਼ਕਾਰੀ ਚੰਡੀਗੜ ਵਿਚ ਵੀ ਹੋਈ ਤੇ ਪੰਜਾਬ ਵਿਚ ਹੁਣ ਕਈ ਥਾਵਾਂ ਤੇ ਇਹ ਨਾਟਕ ਵੱਖ ਵੱਖ ਗਰੁੱਪਾਂ ਵਲੋਂ ਖੇਡਿਆ ਜਾ ਰਿਹਾ ਹੈ। ਇਹ ਇਕ ਸਿਆਸੀ ਨਾਟਕ ਹੈ।

ਲੇਖਕ ਨੇ (ਜੋ ਕਿ ਇਸ ਕਾਲਮ ਦਾ ਵੀ ਲੇਖਕ ਹੈ) ਇਕ ਸਿਆਸੀ ਮਸਲੇ ਬਾਰੇ ਆਪਣੀ ਰਾਏ ਪੂਰੀ ਤਰਾਂ ਇਕ ਗੁੰਦਵੇਂ ਨਾਟਕ ਦੇ ਰੂਪ ਵਿਚ ਦਿਤੀ ਹੈ । ਲੇਖਕ ਦੀ ਰਾਇ ਨਾਲ ਅਸਹਿਮਤ ਹੋਣ ਦਾ ਹੱਕ ਹਰ ਕੋਈ ਆਲੋਚਕ ਰਖਦਾ ਹੈ ਪਰ ਇਕ ਕਲਾਕਿਰਤ ਨੂੰ ਇਕ ਹੋਛੀ ਕਿਰਤ ਕਹਿਣ ਦਾ ਸਿਹਰਾ 'ਸੁਰਖ ਰੇਖਾ' ਦੀ ਪੱਤ੍ਰਕਾਰੀ ਨੂੰ ਹੀ ਜਾਂਦਾ ਹੈ। ਇਨਕਲਾਬੀ ਧਿਰ ਦੇ ਸਮਰਥਕਾਂ ਲਈ ਇਸਦਾ ਨੋਟਿਸ ਲੈਣਾ ਜ਼ਰੂਰੀ ਹੈ ਕਿਉ ਕਿ ਇਹ ਪੱਤਰਕਾਰੀ ਇਨਕਲਾਬੀ ਲਹਿਰ ਦਾ ਵੱਡਾ ਨੁਕਸਾਨ ਕਰ ਸਕਦੀ ਹੈ ।

### o ਸੀ.ਪੀ.ਆਈ. ਦੇ ਧਿਆਨ ਗੋਚਰੇ

29 ਸਤੰਬਰ ਸੀ.ਪੀ.ਆਈ. ਵਲੋਂ ਪੰਜਾਬ ਮਸਲੇ ਬਾਰੇ ਇਕ ਵਿਖਾਵਾ ਕੀਤਾ ਗਿਆ ਜਿਸ ਵਿਚ ਪਾਰਟੀ ਬੁਲਾਰਿਆਂ ਦੇ ਦਾਅਵੇ ਅਨੁਸਾਰ ਇਕ ਲੱਖ ਲੋਕਾਂ ਦੀ ਸ਼ਮੂਲੀਅਤ ਸੀ। ਸੀ.ਪੀ.ਆਈ. ਦੇ ਆਗੂ ਰਾਜੀਵ ਗਾਂਧੀ ਨੂੰ ਇਕ ਮੈਮੋਰੈਂਡਮ ਦੇਣਾ ਚਾਹੁੰਦੇ ਸਨ ਪਰ ਰਾਜੀਵ ਗਾਂਧੀ ਕੋਲ ਇਹ ਮੈਮੋਰੈਂਡਮ ਲੈਣ ਲਈ ਵਿਹਲ ਨਹੀਂ ਸੀ । ਉਹੀ ਰਾਜੀਵ ਗਾਂਧੀ ਜੇਕਰ ਪੰਜਾਬ ਵਲੋਂ ਕੋਈ ਸਕੂਲ ਦੇ ਵਿਦਿਆਰਥੀ ਵੀ ਜਾਣ ਤਾਂ ਅਗੋਂ ਹੋ ਕੇ ਮਿਲਦਾ ਹੈ, ਉਹ ਇਕ ਲੱਖ ਵਿਖਾਵਾ-ਕਾਰੀਆਂ ਦੇ ਆਗੂਆਂ ਲਈ ਸਮਾਂ ਨਹੀਂ ਕੱਢਦਾ ਤਾਂ ਇਹਦਾ ਮਤਲਬ ਸਾਫ ਹੈ ਕਿ ਉਹ ਜਾਂ ਤਾਂ ਇਹਨਾਂ ਆਗੂਆਂ ਹੈ ਟਿੱਚ ਸਮਝਦਾ ਹੈ ਜਾਂ ਪੰਜਾਬ ਦੇ ਮਸਲੇ ਬਾਰੇ ਪੂਰੀ ਤਰਾਂ ਬੇਪਰਵਾਹ ਹੈ । ਉਮੀਦ ਹੈ ਕਿ ਵੱਖਵਾਦ ਅਤੇ ਅਤਿਵਾਦ ਵਿਰੁਧ ਸੰਘਰਸ਼ ਨੂੰ ਤੇਜ਼ ਕਰਨ ਵੇਲੇ ਸੀ.ਪੀ.ਆਈ. ਦੇ ਆਗੂ ਇਸ ਗੱਲ ਦਾ ਵਿਸ਼ਲੇਸ਼ਣ ਵੀ ਕਰਨਗੇ ਕਿ ਪ੍ਰਧਾਨ ਮੰਤਰੀ ਨੇ ਏਨੀ ਬੇਰੁਖੀ ਕਿਉਂ ਵਿਖਾਈ ਹੈ ? ਇਹ ਸਾਫ ਹੈ ਕਿ ਪੰਜਾਬ ਮਸਲਾ ਸਿਰਫ ਵੱਖਵਾਦ ਅਤਿਵਾਦ ਦਾ ਨਹੀਂ, ਕੇਂਦਰ ਦੀਆਂ ਗ਼ਲਤ ਨੀਤੀਆਂ ਦਾ ਵੀ ਇਸ ਵਿਚ ਪੂਰਾ ਹਿੱਸਾ ਹੈ ।

### o ਰਾਮ ਰਾਜ ਕਿਉਂ ?

ਸਿੰਘ ਸਾਹਿਬ ਰਾਗੀ ਦਰਸ਼ਨ ਸਿੰਘ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਭਾਰਤ ਸਰਕਾਰ ਨੂੰ ਜੇਕਰ 'ਖਾਲਸਾ ਰਾਜ' ਦੇ ਨਾਂ ਨਾਲ ਚਿੜ ਹੈ ਤਾਂ ਉਹ ਉਹਨਾਂ ਨੂੰ ਰਾਮ ਰਾਜ ਦਾ ਨਾਂ ਵੀ ਦੇ ਸਕਦੇ ਹਨ। ਦਲਿਤ ਲਹਿਰ ਦੀ ਅਖਬਾਰ ਜਨਤਕ ਲਹਿਰ ਵਿਚ ਇਸਦੇ ਵਿਰੁੱਧ ਇਤਰਾਜ਼ ਉਠਾਇਆ ਗਿਆ ਹੈ। ਦਲਿਤ ਲਹਿਰ ਵਲੋਂ ਜੋ ਸੰਘਰਸ਼ ਚੱਲ ਰਿਹਾ ਹੈ ਉਹ ਮੰਨੂੰਵਾਦ ਦੇ ਉਲਟ ਹੈ ਅਤੇ ਉਸ ਲਹਿਰ ਵਾਲੇ ਰਾਮ ਰਾਜ ਨੂੰ ਬ੍ਰਾਹਮਣ ਰਾਜ ਦਾ ਦਰਜਾ ਸੀ ਦੇਂਦੇ ਹਨ। ਦਲਿਤ ਲਹਿਰ ਦਾ ਇਤਰਾਜ਼ ਜਾਇਜ਼ ਹੈ, ਵੈਸੇ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਅੱਜ ਦੇ ਯੁੱਗ ਵਿਚ ਧਰਮ ਆਧਾਰਤ ਰਾਜਾਂ ਦੇ ਨਾਂ ਸਾਰੇ ਹੀ ਪਿਛਾਖੜ ਸੋਚ ਦੇ ਧਾਰਨੀ ਹਨ। ਭਾਵੇਂ ਰਾਮ ਰਾਜ ਹੋਵੇ ਜਾਂ ਮਹਾਰਾਜਾ ਰਣਜੀਤ ਸਿੰਘ ਦਾ ਸਿਖ ਰਾਜ ਹੋਵੇ, ਉਹ ਬੁਨਿਆਦੀ ਤੌਰ ਤੇ ਇਕ ਪੁਰਖੀ ਰਜਵਾੜਾਸ਼ਾਹੀ ਦੇ ਪ੍ਰਤੀਕ ਹਨ ਜਿਨ੍ਹਾਂ ਰਾਜਾਂ ਵਿਚ ਗੱਦੀ ਦੀ ਖਾਤਿਰ ਸਾਜ਼ਸ਼ਾਂ ਹੁੰਦੀਆਂ ਹਨ। ਕਿਸੇ ਮਤਰੇਈ ਮਾਂ ਦੇ ਕਹਿਣ ਤੇ ਇਕ ਰਾਜਾ ਆਪਣੇ ਪੁੱਤਰ ਨੂੰ ਚੌਦਾਂ ਸਾਲ ਲਈ ਬਨਵਾਸ ਭੇਜ ਸਕਦਾ ਹੈ ਜਾਂ ਕੋਈ ਵਜ਼ੀਰ ਕਿਸੇ ਰਾਜਕੁਮਾਰ ਜਾਂ ਵਲੀ ਅਹਿਦ ਨੂੰ ਜ਼ਹਿਰ ਦਾ ਪਿਆਲਾ ਪਿਆ ਸਕਦਾ ਹੈ। ਅੱਜ ਦੇ ਯੁੱਗ ਵਿਚ ਕੋਈ ਆਦਰਸ਼ਕ ਰਾਜ 'ਰਾਮ ਰਾਜ' 'ਖਾਲਸਾ ਰਾਜ' ਪਾਕ ਜਾਂ ਇਸਲਾਮੀ ਰਾਜ ਨਹੀਂ ਹੋਵੇਗਾ ਸਗੋਂ ਜਮਹੂਰੀ ਕਦਰਾਂ ਕੀਮਤਾਂ ਵਾਲਾ 'ਲੋਕ ਰਾਜ' ਹੀ ਹੋਵੇਗਾ, ਜਿਸ ਵਿਚ ਪੈਸੇ ਦੀ ਜਕੜ ਖਤਮ ਕੀਤੀ ਜਾਏਗੀ। ਉਹ ਸਰਵ ਹਾਰਾਂ ਦੇ ਹਿੱਤ ਵਿਚ ਹੋਵੇਗਾ ਜੋ ਹਮੇਸ਼ਾਂ ਵਸੋਂ ਦੀ ਵੱਡੀ ਗਿਣਤੀ ਵਿਚ ਹੁੰਦੇ ਹਨ। ਸਾਨੂੰ ਚੇਤਨ ਹੋ ਕੇ ਧਰਮਾਂ ਦੇ ਨਾਂ ਨਾਲ ਜਾਣੇ ਰਾਜਾਂ ਦੀ ਵਿਰੋਧਤਾ ਕਰਨੀ ਚਾਹੀਦੀ ਹੈ ਅਤੇ ਸਾਧਾਰਨ ਲੋਕਾਂ ਨੂੰ ਇਹਨਾਂ ਦੇ ਚੱਕਰਾਂ ਵਿਚੋਂ ਕੱਢਣਾ ਚਾਹੀਦਾ ਹੈ ।

### o ਅੱਜ ਦੇ ਯੁਗ ਵਿਚ ਧਰਮ ਅਤੇ ਸਿਆਸਤ ਨੂੰ ਰਲਗੱਡ ਨਹੀਂ ਕੀਤੇ ਜਾਣਾ ਚਾਹੀਦਾ

ਸਿੰਘ ਸਾਹਿਬ ਰਾਗੀ ਦਰਸ਼ਨ ਸਿੰਘ ਨੇ ਰੋਪੜ ਵਿਚ ਇਕ ਕੀਰਤਨ ਦਰਬਾਰ ਵਿਚ ਜਾਤੀ ਜਾਣਕਾਰੀ ਦੀ ਬਿਨਾ ਤੇ ਇਹ ਗੱਲ ਕਹੀ ਹੈ ਕਿ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿਚ ਧਰਮਹੀਣ ਕਾਰਵਾਈਆਂ ਹੁੰਦੀਆਂ ਹਨ। ਗੁੰਡਾ ਅਨਸਰ ਲੋਕਾਂ ਨੂੰ ਧਮਕੀਆਂ ਦੇ ਕੇ ਪੈਸਾ ਉਗਰਾਂਦਾ ਹੈ। ਮਾਰ ਦੇਣ ਜਾਂ ਤਸੀਹੇ ਦੇਣ ਦਾ ਡਰ ਵੀ ਪਾਂਦਾ ਹੈ। ਕਿਸੇ ਵੇਲੇ ਹਰਿਮੰਦਰ ਸਾਹਿਬ ਬਾਰੇ ਇਹ ਕਿਹਾ ਜਾ ਸਕਦਾ ਸੀ ਕਿ ਇਹ ਇਕ ਐਸਾ ਸ਼ਾਂਤੀ ਦਾ ਘਰ ਹੈ, ਜਿਸ ਦੀ ਮਿਸਾਲ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। 1983 ਵਿਚ ਡਾਕਟਰ ਕੁਲਬੀਰ ਸਿੰਘ ਕਾਂਗ ਨੇ ਇਕ ਲੇਖ ਲਿਖਿਆ ਸੀ 'ਹਰਿਮੰਦਰ ਉਦਾਸ ਹੈ'। ਪੰਜਾਬੀ ਸਾਹਿਤ ਵਿਚ ਇਹ ਇਕ ਕਲਾਸੀਕਲ ਨਿਬੰਧ ਹੈ। ਇਸ ਵਿਚ ਇਸ ਤ੍ਰਾਸਦੀ ਦਾ ਜ਼ਿਕਰ ਸੀ ਕਿ ਪੰਜਾਬ ਦੀ ਸਾਰਿਆਂ ਨਾਲੋਂ ਵੱਧ ਮਾਣ ਵਾਲੀ ਇਕ ਸੰਸਥਾ ਦਾ ਕਿਸਤਰਾਂ ਵਿਨਾਸ਼ ਕੀਤਾ ਜਾ ਰਿਹਾ ਹੈ 'ਹੁਣ ਉਥੇ ਕੋਈ ਕਬੂਤਰ ਦਾਣਾ ਨਹੀਂ ਚੁਗਦੇ' ਉਸ ਨਿਬੰਧ ਦਾ ਇਕ ਫਿਕਰਾ ਸੀ। ਇਹ ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲੇ ਦੀ ਗੱਲ ਹੈ ਜਦੋਂ ਭਿੰਡਰਾਂਵਾਲਾ ਦੇ

ਬੰਦੂਕਧਾਰੀਆਂ ਨੇ ਹਰਮੰਦਰ ਸਾਹਿਬ ਨੂੰ ਆਪਣਾ ਹੈਡ-ਕਵਟਾਰ ਬਣਾਇਆ ਸੀ। ਹੁਣ ਤਾਂ ਸਭ ਕੁਝ ਸਿਰਾ ਹੀ ਟੱਪ ਗਿਆ ਹੈ। ਲਗਦਾ ਹੈ ਕਿ ਪੁਲਸ ਨੇ ਵੀ ਆਪਣਾ ਹੈਡਕੁਆਟਰ ਉਥੇ ਬਣਾ ਲਿਆ ਹੈ ਅਤੇ ਕਥਿਤ ਖਾੜਕੂਆਂ ਨੇ ਵੀ ਉਥੇ ਆਪਣਾ ਹੈਡਕਵਾਟਰ ਰਖਿਆ ਹੋਇਆ ਹੈ। ਕਰਫਿਊ ਲਗਣੇ, ਤਲਾਸ਼ੀਆਂ ਹੋਣੀਆਂ, ਛਾਪੇ ਵਜਣੇ ਹੁਣ ਆਮ ਜਿਹੀ ਗੱਲ ਹੋ ਗਈ ਹੈ। ਸਾਨੂੰ ਇਹ ਸੱਚਾਈ ਮੰਨਣੀ ਚਾਹੀਦੀ ਹੈ ਕਿ ਹਰਿਮੰਦਰ ਸਾਹਬ ਦਾ ਜੋ ਹਸ਼ਰ ਹੋਇਆ ਹੈ, ਉਹ ਸਮਾਂ ਵਿਹਾ ਗਈ ਉਸ ਧਾਰਨਾ ਕਰਕੇ ਹੋਇਆ ਹੈ ਕਿ ਸਿੱਖਾਂ ਦਾ ਧਰਮ ਅਤੇ ਰਾਜਨੀਤੀ ਵੱਖਰੀ ਨਹੀਂ ਹੋ ਸਕਦੇ। ਅੱਜ ਦੇ ਯੁਗ ਵਿਚ ਇਹ ਵਖਰੀਆਂ ਹਨ ਅਤੇ ਇਹਨਾਂ ਨੂੰ ਵੱਖਰੇ ਹੀ ਰਖਿਆ ਜਾਣਾ ਚਾਹੀਦਾ ਹੈ। ਧਰਮ ਦਾ ਹੈਡਕਵਾਟਰ ਹਰਿਮੰਦਰ ਸਾਹਬ ਹੀ ਹੋਵੇਗਾ ਪਰ ਸਿਆਸਤ ਦਾ ਹੈਡ-ਕਵਾਟਰ ਚੰਡੀਗੜ੍ਹ ਹੋਵੇਗਾ। ਜਿਹੜੇ ਚਾਹੁੰਦੇ ਹਨ ਕਿ ਹਰਿਮੰਦਰ ਸਾਹਿਬ ਦੀ ਪੁਰਾਣੀ ਸ਼ਾਨ ਅਤੇ ਉਹਦਾ ਸ਼ਾਂਤੀ ਦੇ ਮੰਦਰ ਵਾਲਾ ਚਰਿਤ੍ਰ ਕਾਇਮ ਰਹੇ, ਉਹਨਾਂ ਨੂੰ ਧਰਮ ਅਤੇ ਸਿਆਸਤ ਨੂੰ ਵੱਖ ਕਰਨ ਦੀ ਆਵਾਜ਼ ਵਿਚ ਆਪਣੀ ਆਵਾਜ਼ ਰਲਾਣੀ ਚਾਹੀਦੀ ਹੈ।

### ੦ ਇਹ ਬਿਆਨ ਦੇਣ ਦੀ ਕੀ ਲੋੜ ਹੈ ?

ਸਰਕਾਰ ਵਲੋਂ ਤਿੰਨ ਸਿੰਘ ਸਾਹਬਾਂ ਦੇ ਫੜੇ ਜਾਣ ਤੇ ਮਾਰਕਸੀ ਆਗੂ ਹਰਕਿਸ਼ਨ ਸਿੰਘ ਸੁਰਜੀਤ ਨੇ ਤਸੱਲੀ ਪ੍ਰਗਟ ਕੀਤੀ ਹੈ। ਕੋਈ ਇਸ ਆਗੂ ਕੋਲੋਂ ਪੁਛੇ ਕਿ ਕੀ ਇਸਦੇ ਨਾਲ ਪੰਜਾਬ ਮਸਲਾ ਸੁਲਝਣ ਵਲ ਵੱਧ ਗਿਆ ਹੈ ? ਪੰਜਾਬ ਵਿਚ ਖੱਬੀ ਸਿਆਸਤ ਜੇਕਰ ਅਪਣੇ ਪੈਰ ਨਹੀਂ ਜਮਾ ਸਕੀ ਤਾਂ ਇਹ ਇਹਨਾਂ ਆਗੂਆਂ ਦੀ ਹੀ ਦੇਣ ਹੈ। ਹਰ ਨਾਜ਼ਕ ਪੜਾਅ ਤੇ ਇਹਨਾਂ ਵਲੋਂ ਕੋਈ ਨਾ ਕੋਈ ਗ਼ਲਤ ਬਿਆਨ ਆ ਜਾਂਦਾ ਹੈ। ਕਦੀ ਦਰਬਾਰ ਸਾਹਿਬ ਦੇ ਸਰੋਵਰ ਵਿਚ ਝੋਨਾ ਲਗਾਉਣ ਦਾ। (ਇਹ ਬਿਆਨ ਇਕ ਕਮਿਊਨਿਸਟ ਆਗੂ ਵਲੋਂ ਆਇਆ ਸੀ, ਇਸ ਤੋਂ ਇਨਕਾਰ ਕਰਨਾ ਸਚਾਈ ਤੋਂ ਮੁਕਰਨ ਵਾਲੀ ਗੱਲ ਹੋਵੇਗੀ) ਸਿੰਘ ਸਾਹਿਬ ਪੰਜਾਬ ਪੁਲਸ ਨੇ ਫੜ ਲਏ, ਇਹਦੇ ਬਾਰੇ ਜੇ ਦੁੱਖ ਜ਼ਾਹਰ ਕਰਨਾ ਜ਼ਰੂਰੀ ਨਹੀਂ ਤਾਂ ਕਮਅਜ਼ਕਮ ਤਸੱਲੀ ਜ਼ਾਹਰ ਕਰਨ ਦਾ ਵੀ ਕੋਈ ਹੱਜ ਨਹੀਂ।

### ੦ ਨਾਲਾਇਕ ਲੀਡਰ

ਰਾਜੀਵ ਗਾਂਧੀ ਦੀਆਂ ਨਾਲਾਇਕੀਆਂ ਦੇ ਇਤਹਾਸ ਵਿਚ ਇਕ ਨਵਾਂ ਕਾਂਡ ਲੰਕਾ ਵਿਚ ਇਹਦੀ ਨੀਤੀਆਂ ਦੀ ਅਸਫਲਤਾ ਦਾ ਹੈ। ਪਹਿਲੇ ਤਾਮਿਲਾਂ ਨੂੰ ਹਥਿਆਰ ਦੀ ਮੱਦਦ ਦੇਕੇ ਇਕ ਗਵਾਂਢੀ ਦੇਸ਼ ਲਈ ਮੁਸੀਬਤ ਖੜੀ ਕਰੋ। ਫੇਰ ਦਖਲਅੰਦਾਜ਼ੀ ਕਰਕੇ ਸਮਝੌਤਾ ਕਰੋ ਤੇ ਫੇਰ ਸਮਝੌਤਾ ਲਾਗੂ ਕਰਨ ਲਈ ਉਹਨਾਂ ਤਾਮਿਲਾਂ ਨੂੰ ਹੀ ਮਾਰੋ ਤੇ ਅਪਣੇ ਫੌਜੀ ਵੀ ਮਰਵਾਓ। (ਉਹ ਫੌਜੀ ਕਿਹੜੇ ਰਾਜੀਵ ਦੀ ਭੂਆ ਦੇ ਪੁੱਤ ਲਗਦੇ ਨੇ) ਇਸ ਸਾਰੀ ਕਾਰਵਾਈ ਨਾਲੋਂ ਜੇਕਰ ਸਮਝੌਤਾ ਕਰਨ ਵੇਲੇ ਤਾਮਿਲ ਅਤੇ ਸਿਨਹਾਲੀ ਆਗੂਆਂ ਨੂੰ ਵੀ ਵਿਸ਼ਵਾਸ ਵਿਚ ਲਿਆ ਜਾਂਦਾ ਤਾਂ ਮਸਲਾ ਹਲ ਹੋਣ ਵਲ ਵਧਦਾ (ਪਰ ਮੱਸਲੇ ਦਾ ਹਲ ਚਾਹੁੰਦਾ ਕਿਹੜਾ ਭੜੂਆ ਹੈ ?)। ਰਾਜੀਵ ਗਾਂਧੀ ਦਾ ਭਾਰਤ ਦਾ ਪ੍ਰਧਾਨ ਮੰਤਰੀ ਰਹਿਣਾ ਭਾਰਤ ਦੇ ਲੋਕਾਂ ਲਈ, ਭਾਵੇਂ ਉਹ ਉਤਰ ਦੇ ਪੰਜਾਬੀ ਹੋਣ ਜਾਂ ਦਖਣ ਦੇ ਤਾਮਿਲ ਹੋਣ, ਇਕ ਸਰਾਪ ਸਾਬਤ ਹੋ ਰਿਹਾ ਹੈ, ਹੁਣ ਇਹਦੇ ਵਿਚ ਕੋਈ ਸ਼ਕ ਨਹੀਂ ਰਿਹਾ। 'ਰਾਜੀਵ ਹਟਾਓ' ਦੀ ਆਵਾਜ਼ ਵਿਚ ਸਾਰੇ ਲੋਕਾਂ ਦੀ ਆਵਾਜ਼ ਰਲਣੀ ਚਾਹੀਦੀ ਹੈ। ਇਸ ਬਾਰੇ ਇਸ ਬਹਿਸ ਵਿਚ ਪੈਣਾ ਜ਼ਰੂਰੀ ਨਹੀਂ ਕਿ ਇਹਦੀ ਥਾਂ ਕੌਣ ਲਵੇ। ਜੋ ਵੀ ਇਹਦੀ ਥਾਂ ਲਵੇਗਾ, ਉਹ ਇਸ ਨਾਲਾਇਕ ਨਾਲੋਂ ਚੰਗਾ ਹੀ ਹੋਵੇਗਾ।

### ੦ ਪੰਜਾਬ ਸਟੂਡੈਂਟ ਯੂਨੀਅਨ ਦਾ ਏਕਤਾ ਸੈਮੀਨਾਰ

16 ਅਕਤੂਬਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੰਜਾਬ ਭਰ ਤੋਂ ਉਹਨਾਂ ਵਿਦਿਆਰਥੀਆਂ ਦਾ ਏਕਤਾ ਸੈਮੀਨਾਰ ਹੋਇਆ ਜੋ ਇਨਕਲਾਬੀ ਸਿਆਸਤ ਦੇ ਧਾਰਨੀ ਹਨ। ਇਨਕਲਾਬੀ ਗਰੁੱਪਾਂ ਦੇ ਅਸਰ ਥਲੇ ਚਲ ਰਹੀਆਂ ਤਿੰਨ ਸਟੂਡੈਂਟ ਯੂਨੀਅਨਾਂ ਨੇ ਆਪਸ ਵਿਚ ਏਕਤਾ ਦੇ ਅਮਲ ਦਾ ਇਕ ਪੜਾਅ ਪੂਰਾ ਕੀਤਾ ਅਤੇ ਇਕ ਸਾਂਝੀ ਪੀ.ਐਸ.ਯੂ. ਥੱਲੇ ਕੰਮ ਕਰਨ ਦਾ ਨਿਰਣਾ ਲਿਆ। ਇਨਕਲਾਬੀ ਸਿਆਸਤ ਨਾਲ ਵਚਨ-ਬੱਧੀ ਵਾਲਾ ਉਹਨਾਂ ਏਲਾਨਨਾਮਾ ਜਾਰੀ ਕੀਤਾ ਪੀ. ਐਸ.ਯੂ. (ਕੁਲਦੀਪ ਧਾਲੀਵਾਲ) ਅਤੇ ਪੀ.ਐਸ.ਯੂ. (ਵਸਾਖਾ ਸਿੰਘ) ਨੂੰ ਵੀ ਏਕਤਾ ਲਈ ਅਪੀਲ ਕੀਤੀ ਤਾਂ ਜੋ ਏਕਤਾ ਦਾ ਅਮਲ ਪੂਰੀ ਤਰਾਂ ਮੁਕੰਮਲ ਕੀਤਾ ਜਾ ਸਕੇ। ਵਿਦਿਆਰਥੀਆਂ ਵਿਚ ਇਨਕਲਾਬੀ ਸਿਆਸਤ ਦਾ ਪਸਾਰ ਇਕ ਵਿਉਂਤਬੰਦ ਤਰੀਕੇ ਨਾਲ ਹੋਣਾ ਚਾਹੀਦਾ ਹੈ। ਵਿਦਿਆਰਥੀ ਜਦੋਂ ਸਕੂਲ ਤੋਂ ਕਾਲਿਜ ਵਿਚ ਦਾਖਲ ਹੁੰਦੇ ਹਨ ਤਾਂ ਉਹਨਾਂ ਦੀ ਸਮਾਜ ਬਾਰੇ ਇਕ ਧੁੰਦਲੀ ਜਿਹੀ ਸੋਚ ਹੁੰਦੀ ਹੈ ਉਹਨਾਂ ਵਿਚੋਂ ਕੁਝ ਵਿਦਿਆਰਥੀ ਸਮਾਜ ਵਿਚ ਹੋ ਰਹੇ ਅਨਿਆਂ ਬਾਰੇ ਜ਼ਰੂਰ ਚੇਤਨ ਹੁੰਦੇ ਹਨ ਪਰ ਇਹ ਅਨਿਆਂ ਕਿਉਂ ਹੈ ? ਇਸ ਅਨਿਆਂ ਵਿਰੁੱਧ ਕਿਸ ਤਰ੍ਹਾਂ ਲੜਿਆ ਜਾਣਾ ਚਾਹੀਦਾ ਹੈ ? ਇਸ ਸੋਚ ਦਾ ਵਿਕਾਸ ਹੌਲੇ ਹੌਲੇ

ਹੁੰਦਾ ਹੈ । ਇਨਕਲਾਬੀ ਵਿਦਿਆਰਥੀ ਲਹਿਰ ਦਾ ਫਰਜ਼ ਹੈ ਕਿ ਵਿਦਿਆਰਥੀ ਵਰਗ ਦੇ ਚੇਤਨ ਭਾਗ ਨੂੰ ਇਨਕਲਾਬ ਵਲ ਪ੍ਰੇਰਤ ਕਰੇ । ਪੀ. ਐਸ. ਯੂ. ਦੀ ਏਕਤਾ ਕਮੇਟੀ ਇਸ ਕਾਰਜ ਬਾਰੇ ਜਾਗਰੂਪ ਹੈ, ਇਸਦਾ ਪ੍ਰਮਾਣ ਕਮੇਟੀ ਵਲੋਂ ਜਾਰੀ ਕੀਤੇ ਏਲਾਨਨਾਮਾ ਤੋਂ ਮਿਲਦਾ ਹੈ ਅਤੇ ਇਹ ਬੜੀ ਹੀ ਤਸੱਲੀ ਵਾਲੀ ਗੱਲ ਹੈ । ਏਕਤਾ ਵਲ ਵਧੇ ਇਹਨਾਂ ਕਦਮਾਂ ਦਾ ਭਰਪੂਰ ਸਵਾਗਤ ਹੋਣਾ ਚਾਹੀਦਾ ਹੈ ।

**o ਇਸ ਤੋਂ ਵੱਡਾ ਝੂਠ ਹੋਰ ਕਿਹੜਾ ਹੋ ਸਕਦਾ ਹੈ ?**

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵਸ਼ਿੰਗਟਨ ਵਿਚ ਇਕ ਪੱਤ੍ਰਕਾਰ ਸੰਮੇਲਨ ਵਿਚ ਬੋਲਦਿਆਂ ਇਸ ਦੋਸ਼ ਦਾ ਸਖ਼ਤ ਖੰਡਨ ਕੀਤਾ ਹੈ ਕਿ ਪੰਜਾਬ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ । ਉਹਨਾਂ ਕਿਹਾ ਕਿ ਕੋਈ ਵੀ ਵਿਅਕਤੀ ਉਥੇ ਜਾ ਕੇ ਖੁਦ ਲੋਕਾਂ ਨਾਲ ਗੱਲ ਕਰਕੇ ਇਸ ਬਾਰੇ ਫੈਸਲਾ ਕਰ ਸਕਦਾ ਹੈ । ਤੁਹਾਡੇ ਵਿਚੋਂ ਕੋਈ ਵੀ ਭਾਰਤ ਆ ਸਕਦਾ ਹੈ ਅਤੇ ਬਿਨਾਂ ਕਿਸੇ ਪਾਬੰਧੀ ਦੇ ਪੰਜਾਬ ਆ ਸਕਦਾ ਹੈ । ਤੁਸੀਂ ਉਥੇ ਜਾ ਕੇ ਖੁਦ ਦੇਖ ਸਕਦੇ ਹੋ । ਚਾਹੇ ਕਿਸੇ ਨਾਲ ਵੀ ਗੱਲ ਕਰ ਸਕਦੇ ਹੋ ਅਤੇ ਉਸ ਗੱਲ ਬਾਤ ਨੂੰ ਰੇਡੀਓ ਲਈ ਟੇਪ ਕਰ ਸਕਦੇ ਹੋ ਜਾਂ ਫ਼ਿਲਮ ਬਣਾ ਸਕਦੇ ਹੋ । ਪ੍ਰਧਾਨ ਮੰਤਰੀ ਦੇ ਇਸ ਬਿਆਨ ਬਾਰੇ ਵਾਸ਼ਿੰਗਟਨ ਦੇ ਪੱਤ੍ਰਕਾਰ ਦੀ ਟਿਪਣੀ ਕਰਨ ਬਾਰੇ ਤਾਂ ਨਹੀਂ ਕਿਹਾ ਜਾ ਸਕਦਾ ਹੈ ਪਰ ਪੰਜਾਬ ਦਾ ਹਰ ਇਕ ਸਾਧਾਰਨ ਵਿਅਕਤੀ ਵੀ ਕਹੇਗਾ ਕਿ ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ ।

**o ਭ੍ਰਿਸ਼ਟਾਚਾਰ ਵਿਰੁੱਧ ਕਿਹੜੇ ਲੋਕ ਬੋਲ ਸਕਦੇ ਹਨ ?**

ਬੋਫਰ ਤੋਪਾਂ ਦੇ ਸੌਦੇ ਵਿਚ ਹੋਏ ਘਾਲੇਮਾਲੇ ਦੇ ਇਲਜ਼ਾਮ ਦਾ ਝੱਟਕਾ ਰਾਜੀਵ ਗਾਂਧੀ ਨੇ ਬਗ਼ੈਰ ਕੋਈ ਨੁਕਸਾਨ ਕਰਵਾਏ ਬੜੀ ਹੁਸ਼ਿਆਰੀ ਨਾਲ ਜਜ਼ਬ ਕਰ ਲਿਆ ਹੈ । ਬਚਾਅ ਦਾ ਪੈਂਤੜਾ ਇਹ ਹੈ ਕਿ ਦੁਸ਼ਮਣ ਤੇ ਵਾਪਸੀ ਹਮਲਾ ਕਰੋ । ਵੀ. ਪੀ. ਸਿੰਘ, ਅਰੁਨ ਨਹਿਰੂ ਉਤੇ ਵਾਪਸੀ ਹਮਲੇ ਕੀਤੇ ਗਏ ਹਨ ਕਿ ਉਹ ਵਡੇ ਬੋਲਣ ਵਾਲੇ ਪਹਿਲੇ ਅਪਣੀ ਇਮਾਨਦਾਰੀ ਬਾਰੇ ਸਬੂਤ ਪੇਸ਼ ਕਰਨ । ਇੰਡੀਅਨ ਐਕਸਪ੍ਰੈਸ ਤੇ ਟੈਕਸ ਚੋਰੀ ਦਾ ਇਲਜ਼ਾਮ ਲਗਾ ਦਿਤਾ ਗਿਆ ਹੈ । ਹੁਣ ਉਹ ਕੁਝ ਹੱਦ ਤਕ ਚੁੱਪ ਕਰ ਗਏ ਹਨ ਜਾਂ ਕਹਿ ਲਵੋ ਚੁੱਪ ਕਰਵਾ ਦਿਤੇ ਗਏ ਹਨ । ਲੋਕ ਬੋਲਣਾ ਚਾਹੁੰਦੇ ਹਨ ਪਰ ਉਹ ਕਿਸ ਤਰ੍ਹਾਂ ਬੋਲਣ, ਇਕ ਇਕ ਵਡਾ ਮੱਸਲਾ ਹੈ । ਇਕ ਵੇਲੇ ਸਰਕਾਰ ਦੇ ਵਡੇ ਅਹੁਦਿਆਂ ਤੇ ਰਹਿ ਚੁੱਕੇ ਵਜ਼ੀਰ ਜੇਕਰ ਜਨ ਮੋਰਚੇ ਜਥੇਬੰਦ ਕਰਨ ਤਾਂ ਲੋਕਾਂ ਵਿਚ ਉਹਨਾਂ ਦੀ ਸਾਰਥਕਤਾ ਨਹੀਂ ਹੋਵੇਗੀ, ਕਿਉਂਕਿ ਉਹ ਆਪ ਭ੍ਰਿਸ਼ਟਾਚਾਰ ਦੇ ਭਾਗੀ ਰਹਿ ਚੁਕੇ ਹਨ । ਦੇਸ਼ ਨੂੰ ਇਕ ਨਵੀਂ ਲੀਡਰਸ਼ਿਪ ਚਾਹੀਦੀ ਹੈ । ਇੰਡੀਅਨ ਪੀਪਲਜ਼ ਫਰੰਟ ਅਪਣੀ 'ਰਾਜੀਵ ਹਟਾਓ' ਮੁਹਿੰਮ ਵਿਚ ਇਹ ਲੀਡਰਸ਼ਿਪ ਮੁਹਈਯਾ ਕਰਨ ਦੇ ਯਤਨ ਦਾ ਦਾਅਵਾ ਕਰਦਾ ਹੈ । ਉਹਦੇ ਯਤਨ ਦਾ ਸੰਜੀਦਾ ਨੋਟਿਸ ਲਿਆ ਜਾਣਾ ਚਾਹੀਦਾ ਹੈ । o

o

---

## ਦਿੱਲੀ ਦੇ ਹਾਕਮ ਪੰਜਾਬ ਦੀ ਪੀੜ ਨੂੰ ਨਹੀਂ ਸਮਝ ਰਹੇ

ਨਿਖਿਲ ਚੱਕਰਵਰਤੀ ਦਿੱਲੀ ਦੇ ਪ੍ਰਸਿਧ ਪਤਰਕਾਰ ਹਨ : ਅੰਗਰੇਜ਼ੀ ਅਖ਼ਬਾਰ 'ਮੇਨਸਟਰੀਮ' ਦੇ ਐਡੀਟਰ ਹਨ । ਕਰਿਡ ਵਿਚ ਹੋਏ ਪੰਜਾਬ ਮਸਲੇ ਬਾਰੇ ਇਕ ਸੈਮੀਨਾਰ ਵਿਚ ਮੇਰੀ ਉਹਨਾਂ ਨਾਲ ਇਕ ਵਿਸਥਾਰਪੂਰਵ ਮੁਲਾਕਾਤ ਹੋਈ । ਉਹਨਾਂ ਦਾ ਇਹ ਲੇਖ ਪੰਜਾਬੀ ਟਰੀਬਿਊਨ ਤੋਂ ਧੰਨਵਾਦ ਸਹਿਤ ਇਥੇ ਦਿਤਾ ਜਾ ਰਿਹਾ ਹੈ । /ਸੰਪਾਦਕ

---

ਪੰਜਾਬ ਨਾ ਸਿਰਫ ਸੰਕਟਗ੍ਰਸਤ ਚਲਿਆ ਆਉਂਦਾ ਹੈ ਸਗੋਂ ਇਸ ਦੀ ਵਰਤਮਾਨ ਪੀੜਾ ਤਿੰਨ ਸਾਲ ਪਹਿਲਾਂ ਨਾਲੋਂ ਕਿਤੇ ਵੱਧ ਗੰਭੀਰ ਹੈ । ਆਪਰੇਸ਼ਨ ਬਲਿਊ ਸਟਾਰ (1984) ਪੂਰੇ ਸਿੱਖ ਸਮੁਦਾਇ ਦੇ ਜਜ਼ਬਾਤ ਲਈ ਗਹਿਰੀ ਚੋਟ ਸੀ ਅਤੇ ਇਸ ਚੋਟ ਨੂੰ ਸ੍ਰੀਮਤੀ ਗਾਂਧੀ ਦੀ ਹੱਤਿਆ ਮਗਰੋਂ ਸਿੱਖਾਂ ਦੇ ਨਤਲੇਆਮ ਨੇ ਹੋਰ ਗਹਿਰਾ ਬਣਾਇਆ । ਇੱਥੇ ਹੀ ਬਸ ਨਹੀਂ, ਰੰਗ ਨਾਥ ਮਿਸ਼ਰਾ ਕਮਿਸ਼ਨ ਵਲੋਂ ਜਾਂਚ ਦੇ ਨਾਂ 'ਤੇ ਕੀਤੀ ਗਈ ਲਿਪਾ-ਪੋਚੀ ਨੇ ਸਿਖਾਂ ਦੇ ਮਨਾਂ ਅੰਦਰ ਕੇਂਦਰ ਸਰਕਾਰ ਪ੍ਰਤੀ ਨਫਰਤ ਦੀ ਭਾਵਨਾ ਨੂੰ ਹੋਰ ਪ੍ਰਬਲ ਬਣਾਇਆ ।

ਰਾਜੀਵ ਗਾਂਧੀ ਨੇ ਸੰਤ ਲੌਂਗੋਵਾਲ ਨਾਲ ਜਿਹੜਾ ਸਮਝੌਤਾ ਕੀਤਾ, ਉਸ ਨੇ ਸਥਿਤੀ ਨੂੰ ਆਸਾਂ ਮੁਤਾਬਿਕ ਸੁਖਾਵਾਂ ਨਹੀਂ ਬਣਾਇਆ । ਇਸ ਦੀ ਮੁੱਖ ਵਜ੍ਹਾ ਇਹ ਸੀ ਕਿ ਸਮਝੌਤੇ ਤੋਂ ਮਗਰੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਏਨੇ ਬਦਇੰਤਜ਼ਾਮੀਆ ਢੰਗ ਨਾਲ ਕੀਤੀਆਂ ਗਈਆਂ ਕਿ ਇਨ੍ਹਾਂ ਦੇ ਨਤੀਜੇ ਆਸਾਂ ਤੋਂ ਉਲਟ ਜਾਣੇ ਸੁਭਾਵਿਕ ਹੀ ਸਨ । ਸਮਝੌਤੇ ਮਗਰੋਂ ਚੋਣਾਂ ਕਰਵਾਉਣ ਵਿਚ ਲੋੜੋਂ ਵੱਧ ਕਾਹਲ ਕੀਤੀ ਗਈ । ਚੋਣਾਂ ਤੋਂ ਪਹਿਲਾਂ ਖਾਲਿਸਤਾਨੀ ਅਨਸਰਾਂ ਨੂੰ ਅਲਗ ਥਲਗ ਕਰਨ ਲਈ ਅਕਾਲੀ ਦਲ ਤੇ ਕਾਂਗਰਸ (ਆਈ) ਦੀ ਕੋਈ ਸਾਂਝੀ ਮੁਹਿੰਮ ਨਹੀਂ ਚਲਾਈ ਗਈ । ਚੋਣਾਂ ਵੀ ਇਸ ਤਰ੍ਹਾਂ ਕਰਵਾਈਆਂ ਗਈਆਂ ਕਿ ਕਾਂਗਰਸ ਦੀ ਅਸਰਦਾਇਕਤਾ

ਘੱਟ ਜਾਵੇ ਕਿਉਂਕਿ ਰਾਜੀਵ ਗਾਂਧੀ ਨੂੰ ਇਹ ਗਲਤ-ਫਹਿਮੀ ਸੀ ਕਿ ਇਕ ਸਥਿਰ ਅਕਾਲੀ ਵਜ਼ਾਰਤ ਸਿੱਖ ਅਤਿਵਾਦੀਆਂ 'ਤੇ ਸਹੀ ਢੰਗ ਨਾਲ ਕਾਬੂ ਪਾਉਣ ਵਿਚ ਸਫਲ ਹੋ ਸਕੇਗੀ। ਬਰਨਾਲਾ ਵਜ਼ਾਰਤ ਸ਼ੁਰੂ ਤੋਂ ਹੀ ਚਰਮਰਾਉ ਦੀ ਸਥਿਤੀ ਵਿਚ ਸੀ। ਇਸ ਦੀ ਵਜ੍ਹਾ ਇਹ ਸੀ ਕਿ ਅਕਾਲੀ ਦਲ ਦੇ ਬਹੁਗਿਣਤੀ ਵਾਲੇ ਧੜੇ ਨੂੰ ਇਸ ਵਿਚ ਨੁਮਾਇੰਦਗੀ ਨਹੀਂ ਸੀ ਮਿਲ ਸਕੀ। ਜਿਵੇਂ ਜਿਵੇਂ ਦਿਨ ਬੀਤਦੇ ਗਏ ਇਹ ਵਜ਼ਾਰਤ ਗੈਰ-ਅਸਰਦਾਰ ਟੋਲਾ ਸਾਬਤ ਹੁੰਦੀ ਗਈ ਅਤੇ ਇਸ ਦੇ ਨਾਲ ਹੀ ਸਿੱਖਾਂ ਵਿਚ ਇਸ ਦੀ ਸਾਖ ਵੀ ਖਤਮ ਹੁੰਦੀ ਗਈ।

ਪਰ ਬਰਨਾਲਾ ਸਰਕਾਰ ਤੋਂ ਬਾਅਦ ਲਾਗੂ ਕੀਤੇ ਗਏ ਰਾਸ਼ਟਰਪਤੀ ਰਾਜ ਨੇ ਨਾ ਸਿਰਫ ਸਥਿਤੀ ਵਿਚਲੇ ਭੰਬਲਭੂਸੇ ਨੂੰ ਵਧਾਇਆ ਹੈ ਸਗੋਂ ਪ੍ਰਕਾਸ਼ਨ ਤੇ ਸਿੱਖ ਸਮੁਦਾਇ ਵਿਚਾਲੇ ਸਫਬੰਦੀ ਨੂੰ ਹੋਰ ਵੀ ਪਕੇਰਾ ਕੀਤਾ ਹੈ। ਪੁਲੀਸ ਵਲੋਂ ਅੰਨ੍ਹੇਵਾਹ ਕੀਤਾ ਜਾਣ ਵਾਲਾ ਜ਼ੁਲਮ ਪੰਜਾਬ ਦੀ ਰੋਜ਼ਮਰਾ ਦੀ ਜ਼ਿੰਦਗੀ ਦਾ ਇਕ ਅੰਗ ਬਣ ਗਿਆ ਹੈ। ਪੁਲੀਸ ਨੂੰ ਮਿਲੇ ਅਸੀਮਤ ਦਮਨਕਾਰੀ ਅਧਿਕਾਰਾਂ ਨੇ ਸਰਕਾਰ ਨੂੰ ਜਨਤਾ ਦੇ ਬਹੁਤੇ ਵਰਗਾਂ ਨਾਲੋਂ ਤੋੜਿਆ ਹੀ ਹੈ, ਜੋੜਿਆ ਨਹੀਂ ਇਸ ਸਥਿਤੀ ਦਾ ਸਭ ਤੋਂ ਵੱਧ ਲਾਭ ਖਾਲਿਸਤਾਨੀ ਅਤਿਵਾਦੀਆਂ ਨੂੰ ਹੀ ਹੋਇਆ ਹੈ ਕਿਉਂਕਿ ਉਨ੍ਹਾਂ ਨੂੰ ਪੇਂਡੂ ਵਸੋਂ ਦੇ ਅਨੇਕਾਂ ਵਰਗਾਂ ਤੋਂ ਪਨਾਹ ਤੇ ਮਦਦ ਮਿਲਣੀ ਸ਼ੁਰੂ ਹੋ ਗਈ ਹੈ। ਮੇਰੇ ਕਹਿਣ ਤੋਂ ਭਾਵ ਨਹੀਂ ਕਿ ਪੇਂਡੂ ਵਸੋਂ ਦੇ ਬਹੁਤੇ ਵਰਗ ਖਾਲਿਸਤਾਨੀ ਕਾਜ਼ ਦੇ ਸਮਰਥਕ ਹਨ ਪਰ ਉਹ ਅਤਿਵਾਦੀਆਂ ਨੂੰ ਪੁਲੀਸ ਦੇ ਚੁੰਗਲ ਤੋਂ ਬਚਾਉਣ ਲਈ ਪਨਾਹ ਦਿੰਦੇ ਹਨ ਕਿਉਂਕਿ ਪੁਲੀਸ ਪ੍ਰਤੀ ਉਨ੍ਹਾਂ ਦੇ ਮਨਾਂ ਵਿਚ ਸਿਰਫ਼ ਨਫ਼ਰਤ ਹੀ ਨਫ਼ਰਤ ਹੈ। ਪੁਲੀਸ, ਪੰਜਾਬ ਵਿਚ ਆਪਣੀ ਆਈ 'ਤੇ ਉਤਰੀ ਹੋਈ ਹੈ, ਜਿਸ ਦੇ ਨਤੀਜੇ ਵਜੋਂ ਜਨਤਾ ਵਿਚ ਪੁਲੀਸ ਪ੍ਰਤੀ ਘਿਰਣਾ ਵਧਦੀ ਜਾ ਰਹੀ ਹੈ ਹਾਲਾਂ ਕਿ ਖਾਲਿਸ-ਤਾਨੀਆਂ ਪ੍ਰਤੀ ਪਾਈ ਜਾਂਦੀ ਘਿਰਣਾ ਵੀ ਘੱਟ ਨਹੀਂ। ਫਿਰ ਵੀ ਪੰਜਾਬ ਦੀ ਵਸੋਂ ਖਾਲਿਸਤਾਨੀਆਂ ਤੇ ਪੁਲੀਸ ਵਿਚਾਲੇ ਘੋਲ ਵਿਚ ਪੁਲੀਸ ਦੀ ਮਦਦ ਨਹੀਂ ਕਰ ਰਹੀ ਤਾਂ ਇਸ ਦੀ ਵਜ੍ਹਾ ਇਹ ਹੈ ਕਿ ਖਾਲਿਸਤਾਨੀ ਵੱਖਵਾਦੀਆਂ ਨਾਲ ਮਹਿਜ਼ ਪੁਲੀਸ ਦੀ ਤਾਕਤ ਨਾਲ ਘੁਲਣ ਦੀ ਕੇਂਦਰ ਸਰਕਾਰ ਦੀ ਨੀਤੀ ਨੇ ਰਾਜ ਦੀ ਸਿਖ ਵਸੋਂ ਨੂੰ ਨਾ ਸਿਰਫ ਕੇਂਦਰ ਨਾਲੋਂ ਤੋੜਿਆ ਹੈ ਸਗੋਂ ਆਪਣੇ (ਕੇਂਦਰ ਦੇ) ਵਿਰੁੱਧ ਵੀ ਕਰ ਦਿੱਤਾ ਹੈ।

ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਵਿਚੋਂ ਕਿਸੇ ਦੀ ਵੀ ਕੋਈ ਖਾਸ ਸਰਗਰਮੀ ਨਜ਼ਰ ਨਹੀਂ ਆਉਂਦੀ। ਕਮਿਊਨਿਸਟਾਂ ਵਲੋਂ ਖਾਲਿਸਤਾਨੀ ਦਹਿਸ਼ਤ-ਪਸੰਦਾਂ ਦੇ ਖਿਲਾਫ ਸਮੂਹਿਕ ਲਹਿਰ ਚਲਾਉਣ ਦੇ ਯਤਨਾਂ ਦੀ ਸਭ ਪਾਸਿਓਂ ਤਾਰੀਫ਼ ਹੋਈ ਹੈ। ਪਰ ਕਮਿਊਨਿਸਟ ਪੰਜਾਬ ਵਿਚ ਜਨ ਅੰਦੋਲਨ ਦਾ ਬਹੁਤ ਛੋਟਾ ਜਿਹਾ ਹਿੱਸਾ ਹਨ ਅਤੇ ਉਨ੍ਹਾਂ ਦੀਆਂ ਗਤੀ-ਵਿਧੀਆਂ ਏਨੀਆਂ ਅਸਰਦਾਰ ਸਾਬਤ ਨਹੀਂ ਹੋ ਸਕਦੀਆਂ ਕਿ ਆਮ ਜਨਤਾ ਦਾ ਬਹੁਮਤ ਉਨ੍ਹਾਂ ਵਲੋਂ ਪਾਈ ਪਿਰਤ 'ਤੇ ਚੱਲਣ ਬਾਰੇ ਸੋਚੇ। ਅਕਾਲੀ ਦਲ ਵਿਚ ਪਹਿਲਾਂ ਹੀ ਏਨੀ ਜ਼ਿਆਦਾ ਗੁਟਬੰਦੀ ਹੈ ਕਿ ਉਹ ਜਨਤਾ ਦੀ ਰਹਿਨੁਮਾਈ ਕਰਨ ਦੇ ਕਾਬਲ ਹੀ ਨਹੀਂ ਰਿਹਾ। ਉਸ ਦੀ ਲੀਡਰਸ਼ਿਪ ਦੀਆਂ ਗਤੀ-ਵਿਧੀਆਂ ਹੁਣ ਦੇ ਖਿਲਾਫ ਉਕੀ-ਦੁਕੀ ਬਿਆਨਬਾਜ਼ੀ ਤੱਕ ਹੀ ਸੀਮਤ ਹਨ। ਭਾਜਪਾ ਹਿੰਦੂ ਵਪਾਰੀ ਤਬਕੇ ਦੀ ਸੋਚ ਤੋਂ ਉਚੇਰਾ ਉਠਣ ਲਈ ਤਿਆਰ ਨਹੀਂ। ਕਾਂਗਰਸ, ਜੋ ਕਿ ਰਾਜ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ, ਕਿਸੇ ਲੋਕ ਲਹਿਰ ਨੂੰ ਸ਼ੁਰੂ ਕਰਨ ਦੇ ਰੌਂਅ ਵਿਚ ਨਹੀਂ ਜਾਪਦੀ। ਇਸ ਤੋਂ ਵੱਧ ਅਫਸੋਸ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਇਕ ਪੂਰਾ ਸੂਬਾ ਵੱਖਵਾਦੀ ਟੋਲੇ ਦੇ ਪੈਰਾਂ ਹੇਠ ਦਰੜਿਆ ਜਾ ਰਿਹਾ ਹੋਵੇ ਅਤੇ ਅਜਿਹੀ ਸਥਿਤੀ ਵਿਚ ਰਾਜ ਦੀ ਸਭ ਤੋਂ ਵੱਡੀ ਸਿਆਸੀ ਜਮਾਤ ਖਾਮੋਸ਼ ਰਹਿਣਾ ਹੀ ਬਿਹਤਰ ਸਮਝੇ।

ਸੰਸਦ ਵਿਚ ਉਕਤ ਐਕਟ ਸੰਬੰਧੀ ਬਿਲ 'ਤੇ ਬਹਿਸ ਦੌਰਾਨ ਗ੍ਰਹਿ ਰਾਜ ਮੰਤਰੀ ਪੀ. ਚਿਦੰਬਰਮ ਨੇ ਖੁੱਲ੍ਹੇਆਮ ਇਕਬਾਲ ਕੀਤਾ ਕਿ ਪੰਜਾਬ ਵਿਚ ਫੌਜਦਾਰੀ ਨਿਆਂ-ਪ੍ਰਣਾਲੀ ਮੁਕੰਮਲ ਤੌਰ 'ਤੇ ਠੱਪ ਹੋ ਚੁੱਕੀ ਹੈ। ਪਰ ਸਰਕਾਰ ਦਾ ਇਸ ਬਹਾਨੇ ਪੁਲੀਸ ਨੂੰ ਅਸੀਮਤ ਅਧਿਕਾਰ ਦੇ ਕੇ ਇਕ-ਪਾਸੜ ਹਿੰਸਾ ਲਈ ਪੂਰਵ-ਪ੍ਰਵਾਨਗੀ ਪ੍ਰਦਾਨ ਕਰਨ ਦਾ ਇਰਾਦਾ ਹੈ, ਤਾਂ ਸਰਕਾਰੀ ਦਹਿਸ਼ਤਵਾਦ ਤੇ ਖਾਲਿਸਤਾਨੀ ਦਹਿਸ਼ਤਵਾਦ ਦੇ ਵਿਚਾਲੇ ਆਮ ਲੋਕਾਂ ਦੀ ਹੋਰ ਵਡੇਰੀ ਗਿਣਤੀ ਦੇ ਪਿਸਣ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

**ਨਿਖਿਲ ਚੱਕਰਵਰਤੀ**

o

---

## ਇਕ ਰੁਬਾਈ / ਰੋਮੇਸ਼ ਜਾਨੀ

**ਜਦੋਂ ਟੱਕਰ ਤਸ਼ੱਦਦ ਦੀ ਸਿਰਾਂ ਨੂੰ ਤੋਲ ਜਾਂਦੀ ਹੈ**
**ਧੜਾਂ ਦੀ ਕੂਕ ਸੁਣ ਕੇ, ਨਿਕਲਦੀ ਰੂਹ ਕੂਕ ਜਾਂਦੀ ਹੈ**
ਕਿਤੇ 'ਸਰਕਾਰ' ਨੇ ਦਾਗੀ ਜਾਂ ਗੋਲੀ ਧਰਮਵੀਰਾਂ ਨੇ
ਜਿਗਰ ਦੇ ਜ਼ਖਮ ਦਾ ਕੁਝ ਹੋਰ ਖੱਪਾ ਖੋਲ੍ਹ ਜਾਂਦੀ ਹੈ

ਇਕ ਸਿਆਸੀ ਦਸਤਾਵੇਜ਼–ਵਿਚਾਰ ਚਰਚਾ ਲਈ

# ਲੋੜ ਹੈ ਜਨਤਕ-ਘੋਲਾਂ ਦੀ ਬੁਨਿਆਦ ਤੇ ਖੱਬਾ ਜਮਹੂਰੀ ਬਦਲ ਉਸਾਰਨ ਦੀ

**ਵਿਨੋਦ ਮਿਸ਼ਰਾ**

ਸ੍ਰੀ ਵਿਨੋਦ ਮਿਸ਼ਰਾ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸੀ-ਲੈਨਿਨੀ) (ਲਿਬਰੇਸ਼ਨ) ਦੇ ਜਨਰਲ ਸਕੱਤਰ ਹਨ। ਮੌਜੂਦਾ ਸਥਿਤੀ ਤੇ ਉਹਨਾਂ ਦਾ ਇਹ ਦਸਤਾਵੇਜ਼ ਕੁਝ ਮਹੱਤਵਪੂਰਣ ਨੁਕਤੇ ਉਠਾਦਾ ਹੈ। ਸਮਤਾ ਦੇ ਪਾਠਕਾਂ ਨਾਲ ਇਹ ਦਸਤਾਵੇਜ਼ ਸਾਂਝੇ ਕਰਦੇ ਹੋਏ ਅਸੀਂ ਉਮੀਦ ਰਖਾਂਗੇ ਕਿ ਆਉਣ ਵਾਲੇ ਅੰਕਾਂ ਵਿਚ ਇਹਨਾਂ ਨੁਕਤਿਆਂ ਉਤੇ ਵਿਚਾਰ ਵਟਾਂਦਰਾ ਹੋ ਸਕੇ। ਅਸੀਂ ਵੱਖ ਵੱਖ ਆਗੂਆਂ ਵਲੋਂ ਹੋਰ ਨੀਤੀ ਲੇਖਾਂ ਨੂੰ ਵੀ ਵਿਚਾਰ ਲਈ ਛਾਪਣ ਵਿਚ ਖੁਸ਼ੀ ਮਹਿਸੂਸ ਕਰਾਂਗੇ। / ਸੰਪਾਦਕ

ਰਾਜੀਵ ਗਾਂਧੀ ਭਾਰੀ ਮੁਸੀਬਤ ਵਿਚ ਹੈ। ਇਹ ਠੀਕ ਹੈ ਕਿ ਉਸਦੀ ਸਰਕਾਰ ਵਕਤੀ ਤੌਰ ਤੇ ਖਤਰੇ 'ਚੋਂ ਬਚ ਨਿਕਲੀ ਹੈ ਪਰ ਇਸ ਨਾਲ ਇਹ ਸੰਕਟ ਹੋਰ ਗੰਭੀਰ ਹੀ ਹੋਇਆ ਹੈ। ਸੰਕਟ ਦੇ ਪਹਿਲੇ ਦੌਰ ਵਿਚ ਵਿਰੋਧੀ ਧਿਰ ਨੇ ਅੰਦਰੋਂ ਹੀ ਕਿਲ੍ਹਾ-ਫਤਹਿ ਕਰਨ ਦੀ ਕੋਸ਼ਿਸ਼ ਕੀਤੀ। ਪਰ ਕਾਂਗਰਸ ਦਾ ਬਦਲਵਾਂ ਪਲੇਟਫਾਰਮ ਤਿਆਰ ਕਰਨ ਦੇ ਸੁਆਲ 'ਤੇ ਸੀ. ਪੀ. ਐਮ. ਦੀ ਦੁਚਿਤੀ ਵਾਲੀ ਸਥਿਤੀ ਅਤੇ ਵੀ. ਪੀ. ਸਿੰਘ ਦੀ ਦੁਬਿਧਾ, ਕਾਂਗਰਸ ਦੇ ਵਿਚ ਰਹਿ ਕੇ ਹੀ ਲੰਮਾ ਸੰਘਰਸ਼ ਚਲਾਉਣ ਦੀ ਉਸਦੀ ਰਣਨੀਤੀ ਦੇ ਕਾਰਨ ਇਹ ਸਾਰੀਆਂ ਕੋਸ਼ਸ਼ਾਂ ਫਜ਼ੂਲ ਗਈਆਂ। ਫਿਲਹਾਲ ਜਦ ਕਿ ਵਿਰੋਧੀ ਧਿਰ ਜਨਤਕ ਅੰਦੋਲਨ ਦਾ ਰਾਹ ਅਖਤਿਆਰ ਕਰਨ ਪ੍ਰਤੀ ਬਿਲਕੁਲ ਉਦਾਸੀਨ ਸੀ ਤੇ ਉਸਨੇ ਆਪਣੀ ਸਾਰੀ ਉਮੀਦ ਮਹਿਲਾਂ ਵਿਚ ਰਾਜਪਲਟੇ 'ਤੇ ਲਾ ਰੱਖੀ ਸੀ ਪਰ ਲੋਕਾਂ ਨੂੰ ਇਸ ਅੰਦਰੂਨੀ ਕਲੇਸ਼ ਨਾਲ ਸਬੰਧਤ ਮੁੱਦਿਆਂ ਪ੍ਰਤੀ ਸੁਚੇਤ ਕਰ ਦਿੱਤਾ ਸੀ ਅਤੇ ਉਹਨਾਂ ਦੀਆਂ ਤਬਦੀਲੀ ਚਾਹੁਣ ਵਾਲੀਆਂ ਭਾਵਨਾਵਾਂ ਨੂੰ ਜਾਗ੍ਰਿਤ ਕਰ ਦਿੱਤਾ ਸੀ। ਇਸੇ ਲਈ ਸੁਭਾਵਕ ਰੂਪ ਵਿਚ ਸੰਕਟ ਦੇ ਪਹਿਲੇ ਦੌਰ ਤੋਂ ਦੂਜੇ ਦੌਰ ਵਿਚ ਦਖਲ ਹੋਣ ਨਾਲ ਹੀ ਜਨਤਕ ਘੋਲਾਂ ਦਾ ਸੱਦਾ ਦੇਣਾ ਲਾਜ਼ਮੀ ਹੋ ਗਿਆ। ਉੱਤਰੀ ਭਾਰਤ ਵਿਚ ਆਪਣੇ ਖੋਏ ਹੋਏ ਵਕਾਰ ਅਤੇ ਅੰਦਰੂਨੀ ਦਬਾਵਾਂ ਤੋਂ ਚਿੰਤਤ ਸੀ. ਪੀ. ਐਮ. ਨੂੰ ਵੀ ਬੋਫੋਰਜ਼ ਸੌਦੇ ਬਾਰੇ ਵਿਸਥਾਰ ਪੂਰਵਕ ਜਾਂਚ ਤੋਂ ਰਾਜੀਵ ਸਰਕਾਰ ਪਾਸੋਂ ਅਸਤੀਫੇ ਅਤੇ ਮੱਧਕਾਲੀ ਚੋਣਾਂ ਦੀ ਮੰਗ ਤੱਕ ਆਪਣੀ ਸਥਿਤੀ ਵਿਚ ਭਾਰੀ ਤਬਦੀਲੀ ਕਰਨੀ ਪਈ। ਪਹਿਲੇ ਦੌਰ ਤੋਂ ਦੂਜੇ ਦੌਰ ਦੇ ਸੰਕਟ ਦਾ ਪ੍ਰੀਵਰਤਨ ਅਤਿਅੰਤ ਫੈਸਲਾਕੁਨ ਮਹੱਤਵ ਰੱਖਦਾ ਹੈ ਅਤੇ ਇਸ ਨੂੰ ਸੰਪੂਰਣ ਤੌਰ ਤੇ ਸਮਝ ਲੈਣਾ ਨਿਹਾਇਤ ਜ਼ਰੂਰੀ ਹੈ। ਸੀ. ਪੀ. ਐਮ. ਦੀ ਸਥਿਤੀ ਵਿਚ ਜੋ ਤਬਦੀਲੀ ਆਈ ਹੈ ਅਤੇ ਸੀ. ਪੀ. ਆਈ. ਉੱਤੇ ਆਪਣੀ ਸਥਿਤੀ ਵਿਚ ਤਬਦੀਲੀ ਕਰਨ ਲਈ ਜਿਹੜਾ ਭਾਰੀ ਦਬਾਅ ਅੰਦਰੋਂ ਪੈ ਰਿਹਾ ਹੈ ਉਸ ਨਾਲ ਜਨਤਾ ਦਾ ਮਨੋਬਲ ਅਤੇ 1975-76 ਦੀ ਗਲਤੀ ਨਾ ਦੁਹਰਾਉਣ ਦਾ ਖੱਬੀਆਂ ਸਫਾਂ ਦਾ ਦ੍ਰਿੜ ਨਿਸ਼ਚਾ ਸਪੱਸ਼ਟ ਤੌਰ ਤੇ ਪ੍ਰਤੀਬਿੰਬਤ ਹੁੰਦਾ ਹੈ।

ਅਸੀਂ ਉਹਨਾਂ ਲੋਕਾਂ ਵਿਚ ਸ਼ਾਮਲ ਰਹੇ ਹਾਂ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਸ਼ਕਤੀਸ਼ਾਲੀ ਜਨਤਕ ਲਹਿਰ ਰਾਹੀਂ ਰਾਜੀਵ ਗਾਂਧੀ ਨੂੰ ਗੱਦੀਉਂ ਲਾਹੁਣ ਦਾ ਨਾਹਰਾ ਮਾਰਿਆ ਸੀ। ਰਾਜੀਵ ਸਰਕਾਰ ਦੇ ਅਸਤੀਫੇ ਅਤੇ ਮੱਧਕਾਲੀ ਚੋਣਾਂ ਦੀ ਮੰਗ ਸਾਡੇ ਨਾਹਰੇ ਦਾ ਪ੍ਰਮੁੱਖ ਟੀਚਾ ਹੈ ਫਿਰ ਵੀ ਵਿਚਾਰਨਯੋਗ ਵਿਸ਼ਾ ਤਾਂ ਜਨਤਾ ਨੂੰ ਇਹ ਦੱਸਣਾ ਹੈ ਕਿ ਕਿਸੇ ਵੀ ਤਰ੍ਹਾਂ ਸਰਕਾਰ ਐਨੀ ਅਸਾਨੀ ਨਾਲ ਗੱਦੀ ਨਹੀਂ ਛੱਡਣ ਲੱਗੀ ਅਤੇ ਉਹ ਜੁਆਬੀ ਹਮਲਿਆਂ ਦਾ ਸਹਾਰਾ ਲਵੇਗੀ। ਇਸ ਤਰ੍ਹਾਂ ਦੀਆਂ ਸਾਰੀਆਂ ਕੋਸ਼ਸ਼ਾਂ ਨਾਕਾਮ ਕਰ ਦੇਣ ਲਈ ਸਾਨੂੰ ਹੁਣ ਤੋਂ ਹੀ ਸ਼ਕਤੀਸ਼ਾਲੀ ਲੋਕ-ਲਹਿਰ ਵਿਕਸਤ ਕਰਨ ਦੀਆਂ ਸੁਤੰਤਰ ਤਿਆਰੀਆਂ ਕਰਨੀਆਂ ਹਨ। ਅਜਿਹੀਆਂ ਲਹਿਰਾਂ ਨੂੰ ਵਿਕਸਤ ਕਰਨ ਲਈ 'ਰਾਜੀਵ ਹਟਾਉ' ਦਾ ਨਾਹਰਾ ਹੀ ਇਕੋ ਇਕ ਮਜ਼ਬੂਤ ਅਤੇ ਕਾਰਗਰ ਨਾਹਰਾ ਹੋ ਸਕਦਾ ਹੈ।

ਬਦਕਿਸਮਤੀ ਨਾਲ, ਸੋਵੀਅਤ ਸੰਘ ਰਾਜੀਵ ਗਾਂਧੀ ਅਤੇ ਉਸਦੇ ਅਸਥਿਰਤਾ ਸਿਧਾਂਤ ਨੂੰ ਸ਼ਰ੍ਹੇਆਮ ਸਮਰੱਥਣ ਦੇ ਕੇ, ਜਿਸਦਾ ਤਰਕਪੂਰਨ ਸਿੱਟਾ ਸਿਰਫ ਐਨਰਜੈਂਸੀ ਵਰਗਾ ਹੀ ਕੋਈ ਕਦਮ ਹੋ ਸਕਦਾ ਹੈ, ਆਪਣੀਆਂ ਪੁਰਾਣੀਆਂ ਗਲਤੀਆਂ ਨੂੰ ਹੀ ਦੁਹਰਾ ਰਿਹਾ ਹੈ। ਦੋ ਦੇਸ਼ਾਂ ਵਿਚਕਾਰ ਵਿਸ਼ੇਸ਼ ਸਬੰਧਾਂ ਦੇ ਬਹਾਨੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਸੋਵੀਅਤ ਰੂਸ ਦਾ ਨੰਗਾ ਦਖਲ ਭਾਰਤ ਦੇ ਰਾਸ਼ਟਰੀ ਸ੍ਵੈ-ਮਾਣ ਦਾ ਘੋਰ ਅਪਮਾਨ ਹੈ ਅਤੇ ਇਸ ਦੇ ਖਿਲਾਫ ਹਰ ਪਾਸੇ ਜਾਇਜ਼ ਰੋਸ਼ ਦਿੱਸ ਰਿਹਾ ਹੈ। ਇਸ ਲਈ ਮਾਮਲਾ ਇਹ ਨਹੀਂ ਹੈ ਕਿ "ਅਸੀਂ ਇਕ ਸੁਤੰਤਰ ਪਾਰਟੀ ਹਾਂ ਅਤੇ ਸੋਵੀਅਤ ਜਾਂ ਚੀਨੀ ਹੁਕਮਾਂ ਮੁਤਾਬਕ ਕੰਮ ਨਹੀਂ ਕਰਦੇ"

ਵਰਗੇ ਫਿਕਰਿਆਂ ਦੀ ਮੁਹਾਰਣੀ ਰਟੀ ਜਾਵੇ ਜਿਸ ਵਿਚ ਸਾਡੇ ਸੀ.ਪੀ.ਐਮ. ਦੇ ਨੇਤਾ ਬੜੇ ਮਾਹਿਰ ਹਨ। ਸਗੋਂ ਮਾਮਲਾ ਇਹ ਹੈ ਕਿ ਸੋਵੀਅਤ ਸੰਘ ਦੇ ਇਸ ਚੌਧਰਪੁਣੇ ਵਾਲੇ ਰਵਈਏ ਦੀ, ਸਾਡੇ ਅੰਦਰੂਨੀ ਮਾਮਲਿਆਂ ਵਿਚ ਨੰਗੀ ਚਿੱਟੀ ਦਖਲਅੰਦਾਜ਼ੀ ਦੀ ਸ਼ਰੇਆਮ ਨਿੰਦਿਆ ਕੀਤੀ ਜਾਵੇ। ਖਾਸ ਕਰ ਇਸ ਲਈ ਵੀ ਕਿ ਇਹ ਦਖਲਅੰਦਾਜ਼ੀ ਸੋਵੀਅਤ ਸੰਘ ਦੀ ਨੀਤੀ ਵਿਚ ਅਚਨਚੇਤ ਗੱਲ ਨਹੀਂ ਸਗੋਂ ਲੰਮੇ ਅਰਸੇ ਤੋਂ ਜਾਰੀ ਉਸਦਾ ਰਵਈਆ ਹੈ। ਸੋਵੀਅਤ ਸੰਘ ਭਾਰਤ ਦੀਆਂ ਘਟਨਾਵਾਂ ਸਬੰਧੀ ਆਪਣਾ ਵਿਸ਼ਲੇਸ਼ਣ ਕਰ ਕੇ ਸਬਰ ਨਹੀਂ ਕਰਦਾ ਸਗੋਂ ਇਹ ਸਾਡੇ ਸਮਾਜਕ-ਜਮਹੂਰੀਅਤਪਸੰਦਾਂ ਨੂੰ ਸ਼ਰੇਆਮ ਨਿਰਦੇਸ਼ ਦੇਣ ਅਤੇ ਉਹਨਾਂ ਉਤੇ ਆਪਣੀ ਮਰਜ਼ੀ ਠੋਸਣ ਦੀ ਹੱਦ ਤਕ ਜਾ ਪਹੁੰਚਦਾ ਹੈ। ਕੀ ਸੀ.ਪੀ.ਆਈ. ਐਨੀ 'ਸੁਤੰਤਰ' ਹੈ ਕਿ ਉਹ ਸੋਵੀਅਤ ਸੰਘ ਦੇ ਇਸ ਵਤੀਰੇ ਦੀ ਸ਼ਰੇਆਮ ਨਿੰਦਿਆ ਕਰ ਸਕੇ ?

ਬੇਸ਼ੱਕ ਵੀ.ਪੀ. ਸਿੰਘ ਮੌਜੂਦਾ ਸਿਆਸੀ ਸੰਕਟ ਦੇ ਕੇਂਦਰ ਵਿਚ ਖੜਾ ਹੈ : ਵਿਰੋਧੀ ਧਿਰ ਦੀ ਕੋਈ ਪਾਰਟੀ ਵੀ ਹੁਣ ਉਸ ਤੋਂ ਬਿਨਾਂ ਕਦਮ ਨਹੀਂ ਵਧਾ ਸਕਦੀ। "ਇਮਾਨਦਾਰੀ" ਤੇ "ਅਹੁਦੇ ਅਤੇ ਸੱਤਾ ਦੀਆਂ ਸਹੂਲਤਾਂ ਦਾ ਤਿਆਗ" ਭਾਰਤ ਦੇ ਬੁਰਜੂਆ ਸਿਆਸਤਦਾਨਾਂ ਅੰਦਰ ਏਨਾ ਦੁਰਲੱਭ ਹੈ ਕਿ ਜਿਸ ਕਿਸੇ ਵਿਅਕਤੀ ਕੋਲ ਇਹ ਗੁਣ ਹੋਣ ਉਹ ਝੱਟ ਜਨਤਾ ਦੇ ਦਿਲੋਦਿਮਾਗ ਤੇ ਛਾ ਜਾਂਦਾ ਹੈ। ਵੀ.ਪੀ. ਸਿੰਘ ਦੀ ਇਸ ਖੂਬੀ ਵਿਚ ਉਸਦੇ ਨਾਹਰਿਆਂ ਦੀ ਤਾਕਤ ਅਤੇ ਖਿੱਚ ਨੇ ਹੋਰ ਵੀ ਵਾਧਾ ਕਰ ਦਿਤਾ ਹੈ। ਇਹਨਾਂ ਨਾਹਰਿਆਂ ਵਿਚ ਸਰਮਾਇਦਾਰਾਂ ਅਤੇ ਸਿਆਸਤਦਾਨਾਂ ਦੇ ਗਠਜੋੜ ਅਤੇ ਧਨ ਦੀ ਸੱਤਾ ਦੇ ਵਿਰੋਧ ਅਤੇ ਚੋਣ ਵਿਧੀ ਦੇ ਜਮਹੂਰੀਕਰਨ ਦੀ ਮੰਗ ਤਾਂ ਸ਼ਾਮਲ ਹਨ ਹੀ, ਇਕ ਅਜਿਹੇ ਸਮਾਜ ਦੇ ਨਿਰਮਾਣ ਦੀ ਗੱਲ ਵੀ ਕੀਤੀ ਗਈ ਹੈ ਜਿਥੇ ਆਰਥਕ ਅਤੇ ਸਿਆਸੀ ਅਮਲ ਅੱਡ-ਅੱਡ ਹੋਣਗੇ, ਜਿੱਥੇ ਸਿਆਸੀ ਸੱਤਾ ਉਪਰ ਵੱਡੇ ਸਰਮਾਇਦਾਰਾਂ ਦਾ ਕੰਟਰੋਲ ਨਹੀਂ ਹੋਵੇਗਾ, ਜਿੱਥੇ ਗਰੀਬਾਂ ਨੂੰ ਧਨਾਢਾਂ ਦੇ ਬਰਾਬਰ ਦੇ ਸਿਆਸੀ ਹੱਕ ਹਾਸਲ ਹੋਣਗੇ। ਲੇਕਿਨ ਅਸਲੀਅਤ ਇਹ ਹੈ ਕਿ ਇਹ "ਇਮਾਨਦਾਰੀ" ਅਤੇ "ਤਿਆਗ" ਬੁਰਜੂਆ ਇਮਾਨਦਾਰੀ ਅਤੇ ਤਿਆਗ ਤੋਂ ਬਿਨਾਂ ਹੋਰ ਕੁਝ ਨਹੀਂ ਜਿਸ ਦਾ ਮੰਤਵ ਸਾਡੇ ਸਰਮਾਏ-ਦਾਰ ਅਰਥਚਾਰੇ ਨੂੰ ਕੁਝ ਵਿਗਾੜਾਂ ਤੋਂ ਮੁਕਤੀ ਦਿਵਾਉਣਾ ਹੈ। ਵੀ. ਪੀ. ਸਿੰਘ ਦਾ 'ਆਦਰਸ਼ ਸਮਾਜ' ਇਕ ਮਿਥ ਹੈ, ਸਿਰਫ ਕਲਪਨਾਵਾਦ ਹੈ ਕਿਉਂਕਿ ਵਿਵਹਾਰਿਕ ਜੀਵਨ ਵਿਚ ਸਿਆਸਤ ਸਿਰਫ ਅਰਥਚਾਰੇ ਦਾ ਕੇਂਦਰਤ ਪ੍ਰਗਟਾਵਾ ਹੁੰਦੀ ਹੈ। ਅਗਰ ਕੋਈ ਵਿਅਕਤੀ ਸਿਆਸੀ ਸੱਤਾ ਤੋਂ ਪੂੰਜੀ ਦੇ ਕੰਟਰੋਲ ਨੂੰ ਖਤਮ ਕਰਨਾ ਚਾਹੁੰਦਾ ਹੈ, ਸਰਮਾਇਦਾਰਾਂ ਤੇ ਸਿਆਸਤਦਾਨਾਂ ਦੇ ਗਠਜੋੜ ਨੂੰ ਖਤਮ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਖੁਦ ਸਰਮਾਏ ਅਤੇ ਵਡੇ ਸਰਮਾਇਦਾਰ ਘਰਾਣਿਆਂ ਨੂੰ ਜੜ੍ਹੋਂ ਪੁੱਟਣਾ ਪਵੇਗਾ। ਲੇਕਿਨ ਸ੍ਰੀ ਵੀ.ਪੀ. ਸਿੰਘ ਤਾਂ ਸ਼ਰੇਆਮ ਇਹ ਐਲਾਨ ਕਰਦੇ ਹਨ ਕਿ ਉਹ ਵਡੇ ਸਰਮਾਇਦਾਰ ਘਰਾਣਿਆਂ ਦੇ ਵਿਰੁੱਧ ਨਹੀਂ ਹਨ। ਸਰਮਾਇਆ ਚਾਰ ਚੁਫੇਰਿਓਂ ਸਿਆਸੀ ਸੱਤਾ ਨੂੰ ਪ੍ਰਭਾਵਤ ਕਰਦਾ ਹੈ। ਇਥੇ ਇਹ ਕਹਿਣਾ ਬਿਲਕੁਲ ਬਚਗਾਨਾ ਗੱਲ ਹੈ ਕਿ ਚੋਣ ਫੰਡ ਲਈ ਵੱਡੇ ਵੱਡੇ ਘਰਾਣਿਆਂ ਤੇ ਟੈਕਸ ਲਾ ਕੇ ਅਤੇ ਉਸੇ ਰਕਮ ਨੂੰ ਵੱਖ ਵੱਖ ਸਿਆਸੀ ਪਾਰਟੀਆਂ ਵਿਚ ਵੰਡ ਕੇ, ਸਿਆਸੀ ਸੱਤਾ ਤੋਂ ਵੱਡੇ ਵੱਡੇ ਸਰਮਾਏ-ਦਾਰਾਂ ਦਾ ਕੰਟਰੋਲ ਖਤਮ ਕੀਤਾ ਜਾ ਸਕਦਾ ਹੈ, ਜੋ ਕਿ ਅੱਜ ਕੱਲ ਸਿਆਸੀ ਪਾਰਟੀਆਂ ਵੱਲੋਂ ਸਿੱਧੇ ਰੂਪ ਵਿਚ ਪੂੰਜੀਪਤੀਆਂ ਪਾਸੋਂ ਚੰਦਾ ਹਾਸਲ ਕਰਨ ਦੇ ਕਾਰਨ ਬਦਸਤੂਰ ਜਾਰੀ ਹੈ। ਵੱਡਾ ਸਰਮਾਇਆ ਸਿਆਸੀ ਸੱਤਾ ਨੂੰ ਇਸ ਕਰਕੇ ਪ੍ਰਭਾਵਿਤ ਕਰਦਾ ਹੈ ਕਿਉਂਕਿ ਸਮੁੱਚੇ ਅਰਥਚਾਰੇ ਉਪਰ ਇਸਦਾ ਕੰਟਰੋਲ ਹੈ। ਇਸ ਤਰਾਂ ਸ੍ਰੀ ਵੀ. ਪੀ. ਸਿੰਘ ਦੀ ਸੰਭਾਵੀ ਪਾਰਟੀ ਸਮੇਤ ਕੋਈ ਵੀ ਰਾਜਸੀ ਦਲ ਜੋ ਇਸ ਆਰਥਿਕ ਢਾਂਚੇ ਨੂੰ ਬਚਾਉਣ ਲਈ ਪ੍ਰਤਿਬੱਧ ਹੈ, ਵੱਡੇ ਘਰਾਣਿਆਂ ਦੇ ਜਮਾਤੀ ਨੁਮਾਇੰਦੇ ਤੋਂ ਇਲਾਵਾ ਕੁਛ ਵੀ ਨਹੀਂ ਹੋ ਸਕਦੀ। ਇਹਨਾਂ ਪਾਰਟੀਆਂ ਦਾ ਚੋਣ ਫੰਡ ਭਾਵੇਂ 'ਚੰਦੇ' ਦੇ ਰੂਪ ਆਵੇ ਜਾਂ ਟੈਕਸ ਦੇ ਰੂਪ ਵਿਚ ਇਹ ਗੱਲ ਕੋਈ ਅਰਥ ਨਹੀਂ ਰੱਖਦੀ। ਦਰਅਸਲ ਸਿੰਘ ਜਿਨ੍ਹਾਂ ਮੁੱਦਿਆਂ ਉਪਰ ਸੰਘਰਸ਼ ਕਰਨ ਦੀ ਗੱਲ ਕਰਦਾ ਹੈ ਉਨ੍ਹਾਂ ਮੁੱਦਿਆਂ ਵਿਚ ਇਹ ਕੋਈ ਮੁੱਦਾ ਹੀ ਨਹੀਂ ਹੈ। ਪਰ ਬੁਰਜੂਆ ਦਾ ਇਕ ਚਤੁਰ ਪ੍ਰਤੀਨਿਧ ਹੋਣ ਸਦਕਾ ਸ੍ਰੀ ਸਿੰਘ ਨੂੰ ਸੱਤਾ 'ਚ ਆਉਣ ਲਈ ਅਜੇ ਉਡੀਕ ਕਰਨੀ ਪਵੇਗੀ। ਕਿਉਂਕਿ ਅਕਸਰ ਹੀ ਸਰਮਾਏਦਾਰ ਜਮਾਤ ਬੌਧਿਕ ਤੌਰ ਤੇ ਆਪਣੇ ਸਿਆਸੀ ਨੁਮਾਇੰਦਿਆਂ ਤੋਂ ਪਿੱਛੇ ਰਹਿ ਜਾਂਦੀ ਹੈ। ਨਹਿਰੂ ਦੇ ਨਾਲ ਵੀ ਅਜਿਹਾ ਹੀ ਹੋਇਆ ਸੀ ਜਿਸ ਦੇ ਸਮਾਜਵਾਦੀ ਹਊਏ ਤੋਂ ਸ਼ੁਰੂ ਸ਼ੁਰੂ ਵਿਚ ਸਰਮਾਏਦਾਰ ਜਮਾਤ ਇੰਨੀ ਘਬਰਾ ਗਈ ਸੀ ਕਿ ਬਹੁਤ ਦੇਰ ਦੇ ਬਾਅਦ ਉਹ ਇਸ ਦੀ ਉਪਯੋਗਤਾ ਨੂੰ ਸਮਝ ਸਕੀ।

ਫਿਲ ਹਾਲ ਵੀ. ਪੀ. ਸਿੰਘ ਵਾਲੀ ਘਟਨਾ ਨੇ

ਇਹ ਤੱਥ ਉਭਾਰਿਆ ਹੈ ਕਿ ਵੱਡੀ ਅਵਸਰਸ਼ਾਹ ਸਰਮਾਏਦਾਰੀ ਅਤੇ ਵਿਸ਼ਾਲ ਭਾਰਤੀ ਜਨਤਾ ਵਿਚਕਾਰ ਮਹੱਤਵਪੂਰਨ ਆਪਸੀ ਵਿਰੋਧ ਹੈ। ਸਿੰਘ ਤਾਂ ਬੱਸ ਕੁਝ ਸੁਧਾਰਾਂ ਨੂੰ ਹਾਸਲ ਕਰਨ ਲਈ ਇਸ ਆਪਸੀਵਿਰੋਧ ਨੂੰ ਵਰਤ ਰਿਹਾ ਹੈ। ਪਰੰਤੂ ਇਹ ਵੀ ਸਪੱਸ਼ਟ ਹੈ ਕਿ ਉਸਨੂੰ ਜਨਤਾ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਸਪੱਸ਼ਟ ਰੂਪ ਵਿਚ ਇਸ ਆਪਾਵਿਰੋਧਤਾਈ ਨੂੰ ਇਨਕਲਾਬੀ ਢੰਗ ਨਾਲ ਹੱਲ ਕਰਨ ਵਾਲੇ ਸੰਘਰਸ਼ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹਨ।

1987 ਵਿਚ ਅਸੀਂ ਜਿਸ ਸੰਕਟ ਦੇ ਸਨਮੁੱਖ ਹਾਂ ਉਹ ਬਹੁਤ ਸਾਰੇ ਮਾਮਲਿਆਂ ਵਿਚ 1975-76 ਦੇ ਸੰਕਟ ਨਾਲੋਂ ਵੱਖਰਾ ਹੈ। ਸਭ ਤੋਂ ਵੱਧ ਵਰਨਣਯੋਗ ਭਿੰਨਤਾ ਇਹ ਹੈ ਕਿ 74 ਦੇ ਬਾਅਦ ਦੇ ਜੇ ਪ੍ਰਕਾਸ਼ ਅੰਦੋਲਨ ਵਿਚ ਮਜਦੂਰ ਜਮਾਤ ਵਿਰੋਧੀ ਰੁਝਾਣ ਮੌਜੂਦ ਸਨ ਅਤੇ ਉਸ ਸਮੇਂ ਜਮਹੂਰੀਅਤ ਨੂੰ ਸਿਰਫ ਉਪਰਲੇ ਢਾਂਚੇ ਨੂੰ ਬਦਲਣ ਦੇ ਰੂਪ ਵਿਚ ਹੀ ਦੇਖਿਆ ਗਿਆ ਸੀ ਅਤੇ ਉਸ ਲਹਿਰ ਵਿਚ ਮਜ਼ਦੂਰ ਜਮਾਤ ਅਤੇ ਖੱਬੇ ਪੱਖੀ ਤਾਕਤਾਂ ਨੂੰ ਗੈਰ-ਸਰਗਰਮ ਰਹਿਣ ਦਿਤਾ ਗਿਆ। ਪਰੰਤੂ ਇਸ ਵਾਰ ਸਾਡੇ ਅਰਥਚਾਰੇ ਦੇ ਤਾਣੇ ਬਾਣੇ ਸੰਬੰਧੀ ਸਵਾਲ ਉਠਾਏ ਗਏ ਹਨ, ਵੱਡੇ ਸਰਮਾਏ ਨੂੰ ਪਰਮੁੱਖ ਨਿਸ਼ਾਨੇ ਦੇ ਤੌਰ ਤੇ ਲਿਆ ਜਾ ਰਿਹਾ ਹੈ ਅਤੇ ਇਸ ਵਿਚ ਮਜ਼ਦੂਰ ਜਮਾਤ ਅਤੇ ਖੱਬੇ ਪੱਖੀ ਤਾਕਤਾਂ ਲਈ ਕਿਤੇ ਵੱਧ ਭੂਮਿਕਾ ਨਿਭਾਉਣ ਦੀਆਂ ਸੰਭਾਵਨਾਵਾਂ ਮੌਜੂਦ ਹਨ। 1974-75 ਦੀ ਤਰ੍ਹਾਂ ਸਿਰਫ਼ ਵਿਦਿਆਰਥੀਆਂ ਅਤੇ ਨੌਜੁਆਨਾਂ ਦੇ ਘੋਲ ਦੀ ਥਾਂ ਇਸ ਵਾਰ ਜਮਾਤੀ ਅਰਥਾਂ ਵਿਚ ਜਨਤਕ ਜਥੇਬੰਦੀਆਂ, ਮਜ਼ਦੂਰਾਂ ਅਤੇ ਕਿਸਾਨਾਂ ਦੀ ਲਾਮਬੰਦੀ ਵੀ ਦੇਖੀ ਜਾ ਸਕਦੀ ਹੈ। ਹੌਲੀ ਹੌਲੀ ਵੱਧ ਤੋਂ ਵੱਧ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ ਅਤੇ ਪ੍ਰਗਤੀਸ਼ੀਲ ਬੁੱਧੀਜੀਵੀ ਵੀ ਇਸ ਅੰਦੋਲਨ ਵਿਚ ਸ਼ਾਮਲ ਹੁੰਦੇ ਜਾ ਰਹੇ ਹਨ। ਜਿਹੜੇ ਸੱਜਣ ਅਜੇ ਤੀਕ "ਸਾਨੂੰ ਸਮੁੱਚੇ ਢਾਂਚੇ ਨੂੰ ਬਦਲਣ ਲਈ ਲੜਨਾ ਚਾਹੀਦਾ ਹੈ ਕੁਝ ਵਿਅਕਤੀਆਂ ਨੂੰ ਬਦਲਣ ਦੇ ਲਈ ਨਹੀਂ" "ਵੀ. ਪੀ. ਸਿੰਘ ਸਿਰਫ ਸੰਚਾਰ ਮਾਧਿਅਮ ਰਾਹੀਂ ਘੜੀ ਗਈ ਮਿਥਿਆ ਹੈ" "ਸਾਨੂੰ ਹਾਕਮ ਜਮਾਤਾਂ ਦੇ ਅੰਦਰੂਨੀ ਕਲੇਸ਼ ਵਿਚ ਉਲਝਣ ਦੀ ਇਸ ਦੀਆਂ ਜੜ੍ਹਾਂ ਤੱਕ ਜਾ ਕੇ ਵਧੇਰੇ ਬੁਨਿਆਦੀ ਕੰਮ ਕਰਨਾ ਚਾਹੀਦਾ ਹੈ" ਵਰਗੀਆਂ ਧਾਰਨਾਵਾਂ ਦੇ ਘਲਜਗਣ ਵਿਚ ਫਸੇ ਹੋਏ ਹਨ ਮੈਂ ਉਨ੍ਹਾਂ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੀ ਸਥਿਤੀ ਉਤੇ ਮੁੜ ਵਿਚਾਰ ਕਰਨ। ਇਨ੍ਹਾਂ ਤੱਥਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਢਾਂਚੇ ਦਾ ਸੰਕਟ ਹਰ ਹਾਲ ਹੁਕਮਰਾਨਾਂ ਦੇ ਸੰਕਟ ਦਾ ਅਕਸ ਹੁੰਦਾ ਹੈ ਅਤੇ ਜੇ ਇਤਿਹਾਸ ਰਾਹ ਦਰਸਾਵਾ ਹੈ ਤਾਂ ਉਹੀ ਇਹੀ ਦੱਸਦਾ ਹੈ ਕਿ ਸਭ ਤੋਂ ਪਹਿਲਾਂ ਇਹ ਅੰਦਰੂਨੀ ਕਲੇਸ਼ ਹੀ ਜਨਤਾ ਨੂੰ ਪਰੇਰਨਾਂ ਦਿੰਦਾ ਹੈ ਅਤੇ ਸਰਗਰਮ ਕਰਦਾ ਹੈ। ਜਮਹੂਰੀਅਤ ਲਈ ਕੋਈ ਲੋਕ-ਮੋਰਚਾ ਮੁੱਠੀ ਭਰ ਬੁੱਧੀਜੀਵੀਆਂ ਦੇ ਦਿਲੋਦਿਮਾਗ ਉੱਤੇ ਛਾਏ ਕੁਝ ਦਾਨੇ-ਬੀਨੇ ਵਿਚਾਰਾਂ ਨਾਲ ਨਹੀਂ ਬਣਦਾ ਸਗੋਂ ਇਹ ਤਾਂ ਵਿਵਹਾਰਕ ਜੀਵਨ ਤੋਂ ਸਮਾਜ ਦੀਆਂ ਠੋਸ ਪ੍ਰਸਿਥਤੀਆਂ ਪ੍ਰਤੀ ਜਨਤਾ ਦੇ ਸਰਗਰਮ ਪ੍ਰਤੀਕਰਮ 'ਚੋਂ ਪੈਦਾ ਹੁੰਦਾ ਹੈ। ਅਤੇ ਇਸ ਅਮਲ ਦੌਰਾਨ ਬਹੁਬ ਸਾਰੇ ਸਿਧਾਂਤ ਸਿਰ ਤੋਂ ਲੈ ਕੇ ਪੈਰ ਤੱਕ ਬਦਲ ਜਾਂਦੇ ਹਨ ਅਤੇ ਇਤਿਹਾਸ ਦੇ ਬਹੁਤ ਸਾਰੇ ਅਧਿਆਇ ਨਵੇਂ ਸਿਰਿਉਂ ਲਿਖਣੇ ਪੈਂਦੇ ਹਨ।

ਇਸਦਾ ਮਤਲਬ ਇਹ ਨਹੀਂ ਕਿ ਅਸੀਂ ਵਿਰੋਧੀ ਧਿਰ ਦੇ ਕਿਸੇ 'ਮਹਾ-ਗਠਜੋੜ' ਦੇ ਪੈਰੋਕਾਰ ਬਣ ਜਾਈਏ ਅਤੇ ਉਸ ਵਿਚ ਸ਼ਾਮਲ ਹੋਣ ਲਈ ਉਤਾਵਲੇ ਹੋ ਜਾਈਏ। ਸਾਡਾ ਕੰਮ ਤਾਂ ਆਪਣੀ ਕਾਰਵਾਈ ਦਾ ਸੁਤੰਤਰ ਰਾਹ ਤਿਆਰ ਕਰਨਾ, ਸਾਂਝੇ ਹਿਤਾਂ ਵਾਲੀਆਂ ਸਿਆਸੀ ਪਾਰਟੀਆਂ ਉਤੇ ਗਰੁੱਪਾਂ ਨਾਲ ਤਾਲਮੇਲ ਪੈਦਾ ਕਰਨਾ ਅਤੇ ਵਿਰੋਧੀ ਧਿਰ ਦੀ ਅੰਦਰੂਨੀ ਤਾਕਤ ਨੂੰ ਮੁੜ-ਤਰਤੀਬ ਕਰਨ ਦੀ ਕੋਸ਼ਸ਼ ਕਰਨਾ ਹੈ 'ਰਾਜੀਵ ਹਟਾਉ' ਦਾ ਸਾਡਾ ਨਾਹਰਾ ਨਾਲੋ ਨਾਲ ਹੀ ਜਨਤਕ ਘੋਲਾਂ ਦੇ ਅਧਾਰ ਉੱਤੇ ਇਕ ਖੱਬੇ ਜਮਹੂਰੀ ਬਦਲ ਦੇ ਨਿਰਮਾਣ ਦਾ ਨਾਹਰਾ ਵੀ ਹੈ।

ਅਸੀਂ ਲੋਕਾਂ ਨੇ ਹੀ ਸਭ ਤੋਂ ਪਹਿਲਾਂ "ਰਾਜੀਵ ਨੂੰ ਹਟਾਉਣ" ਦਾ ਹੌਸਲੇ ਨਾਲ ਲੋਕਾਂ ਨੂੰ ਸੱਦਾ ਦਿੱਤਾ ਸੀ, ਅਸੀਂ ਇਸ ਟੀਚੇ ਨੂੰ ਤੂਰਾ ਕਰਨ ਖਾਤਰ ਅਤਿਅੰਤ ਸੁਲਝੇ ਹੋਏ ਢੰਗ ਨਾਲ ਸੰਘਰਸ਼ ਚਲਾਉਂਦੇ ਜਾਵਾਂਗੇ ਅਤੇ ਸੰਕਟ ਦੇ ਤੀਜੇ ਦੌਰ ਵਿਚ ਜਦੋਂ ਕਦੇ ਇਹ ਸੰਘਰਸ਼ ਗੈਰ-ਪਾਰਲੀਮਾਨੀ ਸਰੂਪ ਅਖਤਿਆਰ ਕਰ ਗਿਆ ਤਾਂ ਅਸੀਂ ਉਸ ਵਿਚ ਅਗਲੇਰੇ ਮੋਰਚੇ ਤੇ ਡਟੇ ਰਹਾਂਗੇ।

o

---

**ਇਕ ਹੋਰ ਰੁਬਾਈ**/ਰੋਮੇਸ਼ ਜੋਨੀ

ਸਫਾਈ ਨੀਤ 'ਚ ਹੋਵੇ, ਸੁਲਾਹ ਦੀ ਗੱਲ ਮਰ ਸਕਦੀ ਨਹੀਂ
ਨੋਕ ਤੀਰਾਂ ਦੀ ਦਿਲਾਂ ਦੇ ਜ਼ਖਮ ਭਰ ਸਕਦੀ ਨਹੀਂ।
ਡਗਰ ਦਹਿਸ਼ਤ ਦੀ ਕਿਸੇ ਮੰਜ਼ਲ ਤੇ ਜੇ ਨਹੀਂ ਪਹੁੰਚਦੀ
ਪੁਲਸ ਦੀ ਗੋਲੀ ਵੀ ਮਸਲਾ ਹੱਲ ਕਰ ਸਕਦੀ ਨਹੀਂ।

ਇਕ ਜ਼ਾਤੀ ਰੀਪੋਰਟ

## ਪਲਸ ਮੰਚ : ਸੁਪਨੇ ਪੂਰੇ ਹੋਏ

**ਗੁਰਸ਼ਰਨ ਸਿੰਘ**

ਇਹ ਗੱਲ ਸਾਲ 1982 ਦੇ ਸ਼ੁਰੂ ਦੀ ਹੈ। ਮਲੇਰ ਕੋਟਲਾ ਬਸ ਸਟੈਂਡ ਤੇ ਮੁਲਤਾਨੀ ਢਾਬੇ ਵਿਚ ਮੈਂ ਤੇ ਸਾਥੀ ਅਮੋਲਕ ਸਿੰਘ ਅਚਾਨਕ ਇਕੱਠੇ ਹੋਏ। ਮੈਂ ਰਾਤ ਕਿਸੇ ਥਾਂ ਨਾਟਕ ਕਰਕੇ ਅੰਮ੍ਰਿਤਸਰ ਵਲ ਵਾਪਸ ਆ ਰਿਹਾ ਸਾਂ ਤੇ ਸਾਥੀ ਅਮੋਲਕ ਵੀ ਕਿਸੇ ਮੀਟਿੰਗ ਵਿਚੋਂ ਵਾਪਸ ਆ ਰਿਹਾ ਸੀ। ਇਨਕਲਾਬੀ ਗਰੁੱਪਾਂ ਵਿਚ ਸਾਥੀ ਅਮੋਲਕ ਹੋਰਾਂ ਦੀ ਅਗਵਾਈ ਵਿਚ ਸਿਆਸੀ ਤੌਰ ਤੇ ਵਚਨ ਬੱਧ ਇਕ ਨਾਟਕ ਟੀਮ ਹੋਂਦ ਵਿਚ ਆ ਚੁੱਕੀ ਸੀ। ਮੈਂ ਕਈ ਸਾਲ ਪਹਿਲਾਂ ਤੋਂ ਹੀ ਇਹ ਗੱਲ ਮਹਿਸੂਸ ਕਰ ਰਿਹਾ ਸਾਂ ਕਿ ਲੋਕ ਪੱਖੀ ਕਲਚਰ ਦਾ ਇਕ ਕੇਂਦਰ ਸਥਾਪਤ ਹੋਣਾ ਚਾਹੀਦਾ ਹੈ। ਇਸ ਦਾ ਅਹਿਸਾਸ ਮੈਨੂੰ ਐਮਰਜੈਂਸੀ ਦੇ ਦਿਨਾਂ ਵਿਚ ਸ਼ਿੱਦਤ ਨਾਲ ਹੋਇਆ ਸੀ। ਮੈਂ ਜੇਲ੍ਹ ਗਿਆ ਤਾਂ ਪਿਛੋਂ ਬਾਹਰ ਕੋਈ ਐਸਾ ਗਰੁੱਪ ਨਹੀਂ ਸੀ ਜੋ ਵਚਨਬੱਧੀ ਨਾਲ ਲੋਕ ਪੱਖੀ ਨਾਟਕ ਲਹਿਰ ਨੂੰ ਚਲਾ ਸਕੇ। ਇਕ ਵਾਰੀ ਇਹ ਗੱਲ ਲੋਕ ਨਾਥ (ਪ੍ਰੋ. ਲੋਕ ਨਾਥ-ਮੁਕਤਸਰ) ਨੇ ਮੈਨੂੰ ਕਹੀ ਸੀ ਕਿ ਭਾ ਜੀ ਤੁਹਾਡੇ ਬਾਅਦ ਕੌਣ ਇਸ ਲਹਿਰ ਨੂੰ ਚਲਾਏਗਾ ? ਮੈਂ ਉਸਨੂੰ ਕਿਹਾ ਸੀ ਕਿ ਲੋਕਾਂ ਦਾ ਕੋਈ ਕੰਮ ਰੁਕਦਾ ਨਹੀਂ ਹੁੰਦਾ। ਮੈਂ ਨਹੀਂ ਹੋਵਾਂਗਾ ਹੋਰ ਹੋਣਗੇ ਤੇ ਉਹ ਮੇਰੇ ਤੋਂ ਚੰਗਾ ਚਲਾਉਣਗੇ ਕਿਉਂਕਿ ਮੇਰੀ ਤਾਂ ਇਸ ਕਲਾ ਵਿਚ ਆਪਣੀ ਕੋਈ ਸਿਖਲਾਈ ਨਹੀਂ। ਸਿਰਫ ਸਿਰੜ ਨਾਲ ਹੀ ਕੰਮ ਚਲਾ ਰਿਹਾ ਹਾਂ।

ਖੈਰ ਉਸ ਸਵੇਰੇ ਢਾਬੇ ਤੇ ਹੀ ਸਾਥੀ ਅਮੋਲਕ ਨਾਲ ਵਿਚਾਰ ਸਾਂਝੇ ਕਰਦੇ ਹੋਏ ਅਸੀਂ ਇਕ ਸਾਂਝੀ ਸੰਸਥਾ ਬਨਾਉਣ ਦੀ ਯੋਜਨਾ ਬਣਾਈ ਤਾਂ ਜੋ ਇਕ ਤਾਂ ਆਪਸੀ ਮੇਲਜੋਲ ਵਧੇ ਤੇ ਨਾਲੇ ਲੋਕ ਨਾਟਕ-ਕਲਾ ਨੂੰ ਹੋਰ ਉੱਨਤ ਕੀਤਾ ਜਾ ਸਕੇ। ਇਸੇ ਮੰਤਵ ਨੂੰ ਮੁਖ ਰੱਖਦੇ ਹੋਏ **14 ਮਾਰਚ 1982** ਨੂੰ ਨਸਰਾਲੀ ਜ਼ਿਲ੍ਹਾ ਲੁਧਿਆਣਾ ਵਿਚ ਪੰਜਾਬ ਪੱਧਰ ਤੇ ਇਕ ਸਭਿਆਚਾਰਕ ਮੇਲਾ ਕੀਤਾ ਗਿਆ। ਇਸ ਮੇਲੇ ਦੇ ਪ੍ਰਬੰਧ ਦੀ ਸਾਰੀ ਜ਼ਿਮੇਵਾਰੀ ਪੰਜਾਬ ਨਾਟਕ-ਕਲਾ ਕੇਂਦਰ ਲੁਧਿਆਣਾ ਨੇ ਨਿਭਾਈ ਅਤੇ ਅੰਮ੍ਰਿਤਸਰ ਨਾਟਕ-ਕਲਾ ਕੇਂਦਰ ਨੇ ਇਸਨੂੰ ਸਹਿਯੋਗ ਦਿੱਤਾ। ਇਸ ਸਭਿਆਚਾਰਕ ਮੇਲੇ ਪੰਜਾਬ ਭਰ ਦੀਆ ਲੋਕ ਨਾਟਕ ਮੰਡਲੀਆਂ ਅਤੇ ਉਹਨਾਂ ਦੇ ਕਲਾਕਾਰਾਂ ਨੇ ਭਾਰੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਸੁਖਪਾਲ ਵਲੋਂ ਲੋਕ ਸਭਿਆਚਾਰ ਦੇ ਦਰਪੇਸ਼ ਮਸਲਿਆਂ ਉਤੇ ਇਕ ਸੰਖੇਪ ਪਰਚਾ ਪੜ੍ਹਿਆ ਗਿਆ। (ਸੁਖਪਾਲ ਦਾ ਸਸਤਾ ਅਪ੍ਰੈਲ 1982 ਦੇ ਅੰਕ ਵਿਚ ਛਪਿਆ) ਮੇਲੇ ਵਿਚ ਹੀ 21 ਮੈਂਬਰਾਂ ਦੀ ਤਿਆਰੀ ਕਮੇਟੀ ਬਣਾਈ, ਜਿਸ ਵਿਚ ਸਾਰੀਆਂ ਲੋਕ ਮੰਡਲੀਆਂ ਦੇ ਨੁਮਾਂਇੰਦੇ ਵੀ ਲਏ ਗਏ ਅਤੇ ਹੋਰ ਵੀ ਸਾਹਿਤਕਾਰ ਅਤੇ ਕਲਾ ਪਾਰਖੂ ਸ਼ਾਮਿਲ ਕੀਤੇ ਗਏ। ਪ੍ਰੋ. ਹਮਦਰਦ-ਵੀਰ ਨੌਸ਼ਹਿਰਵੀ ਹੋਰਾਂ ਨੇ ਇਹ ਜ਼ਿਮੇਵਾਰੀ ਲਈ ਕਿ ਉਹ ਸੰਸਥਾ ਦਾ ਵਿਧਾਨ ਅਤੇ ਐਲਾਨਨਾਮਾ ਤਿਆਰ ਕਰਨਗੇ। ਮੇਲੇ ਵਿਚ ਵੱਖ ਵੱਖ ਟੋਲੀਆਂ ਵਲੋਂ ਪੰਜ ਨਾਟਕ ਅਤੇ ਸੁਕੈਡ ਗੀਤ ਗਾਏ ਗਏ। 7000 ਦੇ ਕਰੀਬ ਦਰਸ਼ਕਾਂ ਨੇ, ਜਿਨ੍ਹਾਂਵਿਚ ਗੋਦ ਵਿਚ ਬੱਚੇ ਲਈ ਔਰਤਾਂ ਵੀ ਸ਼ਾਮਲ ਹਨ, ਰਾਤ ਅਚਾਨਕ ਸਖਤ ਸਰਦੀ ਉਤਰ ਜਾਣ ਤੇ ਵੀ 2 ਵਜੇ ਤੱਕ ਸਾਰੇ ਪ੍ਰੋਗਰਾਮ ਨੂੰ ਬੜੇ ਧਿਆਨ ਨਾਲ ਵੇਖਿਆ ਅਤੇ ਭਰਪੂਰ ਹੁੰਗਾਰਾ ਦਿੱਤਾ। **ਇਕ ਲਹਿਰ ਵਰਗੀ ਸੰਸਥਾ ਦਾ ਜਨਮ ਹੋਇਆਂ।**

ਮੰਚ ਦੀ ਪਹਿਲੀ ਕਾਨਫਰੰਸ ਬੜੀ ਕਾਮਯਾਬੀ ਨਾਲ 20 ਜੂਨ 1982 ਮਹਿਲਗੈਲਾਂ ਵਿਚ ਹੋਈ। ਕਾਨਫਰੰਸਾਂ ਵਿਚ ਪ੍ਰੋ. ਹਮਦਰਦਵੀਰ ਹੋਰਾਂ ਦੇ ਤਜਵੀਜ਼ ਕਰਨ ਤੇ ਸੰਸਥਾ ਦਾ ਨਾਂ 'ਪੰਜਾਬ ਲੋਕ ਸਭਿਆਚਾਰਕ ਮੰਚ ਮਿਥਿਆ ਗਿਆ, ਜਿਸ ਦਾ ਸੰਖੇਪ ਪਲਸ ਮੰਚ ਬਣਦਾ ਸੀ। ਪਲਸ ਅੰਗਰੇਜ਼ੀ ਦਾ ਸ਼ਬਦ ਵੀ ਹੈ, ਜਿਸ ਦਾ ਅਰਥ ਹੈ 'ਨਬਜ਼'। ਲੋਕਾਂ ਦਾ ਸਭਿਆਚਾਰ ਲੋਕਾਂ ਦੀ ਨਬਜ਼ ਪਛਾਣਦੇ ਹੋਏ ਉਹਨਾਂ ਨੂੰ ਸੇਧ ਦੇਵੇ। ਕਾਨ-ਫਰੰਸ ਵਿਚ ਕਾਫੀ ਵਿਚਾਰ ਵਟਾਂਦਰੇ ਦੇ ਬਾਅਦ ਪਲਸ ਮੰਚ ਦਾ ਏਲਾਨਨਾਮਾ ਅਤੇ ਵਿਧਾਨ ਪਾਸ ਕੀਤਾ ਗਿਆ। ਏਲਾਮਨਾਮਾ ਵਿਚ ਜਿਥੇ ਲੋਕ ਪੱਖੀ ਸਭਿਆ-ਚਾਰ ਦੀ ਵਿਆਖਿਆ ਕੀਤੀ ਗਈ ਅਤੇ ਲੋਕ ਕਲਿਆਨ ਲਈ ਉਸਦੀ ਮਹੱਤਤਾ ਦਸੀ ਗਈ ਉਥੇ ਰਾਜਨੀਤਕ ਤੰਗ ਨਜ਼ਰੀ ਥੋਂ ਉਤੇ ਉਠਦੇ ਹੋਏ ਲੋਕ ਪੱਖੀ ਸਭਿਆ-ਚਾਰ ਨੂੰ ਵਿਸ਼ਾਲ ਲੋਕਾਂ ਤੱਕ ਪਹੁੰਚਾਣ ਅਤੇ ਲੋਕਾਂ ਨੂੰ ਗੰਦੇ ਤੇ ਲੱਚਰ ਸਭਿਆਚਾਰ ਤੋਂ ਮੁਕਤ ਕਰਵਾਉਣ ਦੇ ਉਪਰਾਲੇ ਉਲੀਕੇ ਗਏ। ਇਕ ਦਲ ਮੈਂਬਰੀ ਸੂਬਾ ਕਮੇਟੀ ਹਾਜ਼ਰ ਮੈਂਬਰਾਂ ਵਿਚੋਂ ਚੁਣੀ ਗਈ ਜਿਸਨੇ ਫੇਰ ਆਪਣੇ ਵਿਚੋਂ ਗੁਰਸ਼ਰਨ ਸਿੰਘ, ਸੁਖਪਾਲ ਸਿੰਘ ਅਤੇ ਕੰਵਲਜੀਤ ਖੰਨਾ ਨੂੰ ਕਰਮਵਾਰ ਪ੍ਰਧਾਨ, ਸਕੱਤਰ ਅਤੇ ਵਿੱਤ ਸਕੱਤਰ ਦੇ ਅਹੁਦਿਆਂ ਲਈ ਚੁਣਿਆ। ਮਹਿਲ ਗੈਲਾਂ ਵਿਚ ਰਾਤ ਦੇ ਦੋ ਵਜੇ ਤੱਕ ਵਿਸ਼ਾਲ ਪੱਧਰ ਤੇ ਇਕ ਸਭਿਆਚਕ ਪ੍ਰੋਗਰਾਮ ਹੋਇਆ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਨਸਰਾਲੀ ਜੇਕਰ ਇਕ ਸਭਿਆ-ਚਾਰਕ ਲਹਿਰ ਦਾ ਜਨਮ ਹੋਇਆ ਸੀ ਤਾਂ ਮਹਿਲਗੈਲਾਂ

ਵਿਚ ਇਸ ਦਾ ਨਮਾਕਰਨ ਹੋਇਆ। **ਪਲਸ ਮੰਚ ਇਕ ਸੰਸਥਾ ਦੇ ਤੌਰ ਤੇ ਹੋਂਦ ਵਿਚ ਆ ਗਈ।**

ਪਲਸ ਮੰਚ ਦਾ ਅਗਲਾ ਮਹੱਤਵਪੂਰਬ ਸਮਾਗਮ 8 ਅਗਸਤ 1982, ਦੇਸ਼ ਭਗਤ ਹਾਲ ਜਲੰਧਰ ਵਿਚ ਗੀਤ ਸੰਗੀਤ ਸਮਾਗਮ ਦੇ ਰੂਪ ਵਿਚ ਹੋਇਆ। ਇਥੇ ਪੰਜਾਬ ਭਰ ਤੋਂ ਲੋਕ ਪੱਖੀ ਸੰਗੀਤ ਮੰਡਲੀਆਂ ਨੇ ਆ ਹਿੱਸਾ ਲਿਆ। ਭਦੌੜ ਲੋਕ ਸੰਗੀਤ ਮੰਡਲੀ ਦੀ ਪੰਜਾਬ ਪੱਧਰ ਤੇ ਪਹਿਚਾਣ ਪਹਿਲੀ ਵਾਰ ਇਸ ਸਮਾਗਮ ਵਿਚ ਹੋਈ ਸੀ। ਯੂਜੀਨ ਪੋਤੀਏ ਦਾ ਇੰਟਰਨੈਸ਼ਨਲ' ਜਿਸ ਦਾ ਪੰਜਾਬੀ ਰੂਪ ਸੁਖਪਾਲ ਦੀ ਕਲਮ ਤੋਂ ਸੀ, ਪਹਿਲੀ ਵਾਰ ਨਗਾਰੇ ਦੀ ਚੋਟ ਉਤੇ ਇਕ ਐਕਸ਼ਨ ਗੀਤ ਦੇ ਰੂਪ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤਾ ਗਿਆ। ਆਉਣ ਵਾਲੇ ਪਲਸ ਮੰਚ ਦੇ ਸਮਾਗਮਾਂ ਵਿਚ ਅਤੇ ਬਾਕੀ ਭਾਂਰਤ ਸਾਰੇ ਵਿਚ ਬਹੁਤ ਥਾਵਾਂ ਤੇ ਐਕਸ਼ਨ ਗੀਤਾਂ ਜੋ ਪ੍ਰਸਿਧਤਾ ਲਈ ਉਹਦਾ ਆਰੰਭ ਇਸੇ ਸਮਾਗਮ ਵਿਚ ਹੋਇਆ ਅਤੇ ਇਹ ਪਲਸ ਦੀਆਂ ਪ੍ਰਾਪਤੀਆਂ ਵਿਚੋਂ ਇਕ ਪ੍ਰਾਪਤੀ ਹੈ। ਇਸ ਸਮਾਗਮ ਨੂੰ ਪ੍ਰੈਸ ਵਿਚ ਰੀਪੋਰਟ ਕਰਦਿਆਂ ਸੁਖਪਾਲ ਨੇ ਲਿਖਿਆ। ਜਿਹੜਾ ਸੁਪਨਾ 14 ਮਾਰਚ 1982 ਨੂੰ ਨਸਰਾਲੀ ਵਿਚ ਚਿਤਰਿਆ ਗਿਆ ਸੀ, ਉਹ ਹਕੀਕਤ ਦਾ ਰੂਪ ਧਾਰ ਚੁੱਕਿਆ ਹੈ। ਪਹਿਲੇ ਸਾਲ ਵਿਚ ਪਲਸ ਮੰਚ ਦੇ ਸਮਾਗਮ ਨਸਰਾਲੀ ਮਹਿਲ ਗੇਲਾਂ ਤੋਂ ਬਾਅਦ ਘੁੰਗਰਾਲੀ, ਅਗੰਮਪੁਰ, ਲਹਿਰਾਗਾਗਾ, ਕੋਟਕਪੂਰਾ, ਛੰਦੜਾ, ਪੁਰਹੀਰਾ, ਅੰਮ੍ਰਿਤਸਰ, ਕਬਰਵਾਲਾ ਗਿੱਦੜ-ਬਾਹਾ ਹੋਏ ਤੇ ਸੰਸਥਾ ਨੇ ਸਾਰੇ ਪੰਜਾਬ ਵਿਚ ਆਪਣਾ ਆਧਾਰ ਬਣ ਇਆ।

ਜਨਵਰੀ 1983 ਪਲਸ ਮੰਚ ਵਲੋਂ ਪਹਿਲੀ ਕੈਸਟ ਰੀਲੀਜ਼ ਕੀਤੀ ਗਈ। ਜਿਸ ਵਿਚ ਯੋਜੀਨ ਪੱਤੀਓ ਦਾ ਇੰਟਰਨੈਸ਼ਨਲ, ਅਮੋਲਕ ਤੇ ਸਾਥੀਆਂ ਦਾ ਪ੍ਰਸਿੱਧ ਗੀਤ ਦਿੱਲੀ ਦੀਏ ਹਕੂਮਤੇ ਲੋਕਾਂ ਦੀਏ ਵੈਰਣੇ ਵੀ ਹੈ। ਹੋਰਨਾਂ ਗੀਤਾਂ ਵਿਚ ਸੜਕ ਤੇ ਰੋੜੀ ਕੁੱਟ ਰਹੀਆਂ ਮਜ਼ਦੂਰਨਾਂ ਦਾ ਗੀਤ, ਲੋਕ ਬੰਬੀਹਾਂ, ਲੋਕ ਬੋਲੀਆਂ, ਕਿਸਾਨ ਦੀ ਕਲੀ, ਪਾਸ਼ ਦਾ ਕੱਖਾਂ ਦੀਏ ਕੁਲੀਏ, ਸੁਰਿੰਦਰ, ਗਿੱਲ ਦਾ ਛੱਟਾ ਚਾਨਣ ਦਾ, ਤੇਰਾ ਸਿੰਘ ਚੰਨ ਦਾ 'ਜਾਗੋ ਜਾਗੋ ਨਵਿਓ' ਗੀਤ' ਸ਼ਾਮਲ ਹਨ। ਲੋਕ ਪੱਖੀ ਗੀਤ' ਦੀਆਂ ਕੈਸਟਾਂ ਨੂੰ ਲੋਕਾਂ ਤਕ ਲਿਜਾਣ ਦਾ ਸਿਹਰਾ ਵੀ ਪਲਸ ਮੰਚ ਅਤੇ ਲੋਕ ਸੰਗੀਤ ਮੰਡਲੀ ਭਦੌੜ (ਜੋ ਪਲਸ ਮੰਚ ਦੀ ਇਕ ਇਕਾਈ ਹੈ) ਦੇ ਸਿਰ ਤੇ ਜਾਂਦਾ ਹੈ।

26 ਜਨਵਰੀ 1985 ਜਲੰਧਰ ਵਿਖੇ ਪਲਸ ਮੰਚ ਦਾ ਇਕ ਇਤਹਾਸਕ ਸਮਾਗਮ ਹੋਇਆ। ਗੁਰਬਖਸ਼ ਜੱਸ ਨੇ ਇਸ ਸਮਾਗਮ ਦੀ ਰੀਪੋਰਟ ਲਿਖਦੇ ਹੋਏ ਇਹ ਸ਼ਬਦ ਲਿਖੇ –'26 ਜਨਵਰੀ 1985 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਪੰਜਾਬ ਲੋਕ ਸਭਿਆ-ਚਾਰਕ ਮੰਚ ਵਲੋਂ ਇਕ ਵਿਸ਼ਾਲ ਸਾਹਿਤ ਸਭਿਆਚਾਰਕ ਸਮਾਗਮ ਕਰਵਾਇਆ ਗਿਆ। ਪੰਜਾਬ ਦੇ ਲੋਕ-ਪੱਖੀ ਸਾਹਿਤ ਸਭਿਆਰ ਦੇ ਇਤਿਹਾਸ ਅੰਦਰ ਇਹ ਅਪਣੀ ਕਿਸਮ ਦਾ ਪਹਿਲਾ ਸਮਾਗਮ ਕਿਹਾ ਜਾ ਸਕਦਾ ਹੈ। (ਇਹ ਸਮਾਗਮ 18 ਘੰਟੇ ਦਾ ਹੋਇਆ 1-4 ਵਜੇ ਦੁਪਹਿਰ ਇਨਕਲਾਬੀ ਗੀਤਾਂ ਦੀ ਮਹਿਫਲ 4-6 ਵਜੇ ਸ਼ਾਮ ਤਕ ਕਵੀ ਦਰਬਾਰ 8 ਵਜੇ ਰਾਤ ਤੋਂ ਸਵੇਰੇ 5 ਵਜੇ ਤਕ ਨਾਟਕ ਸਮਾਗਮ) ਸਮੁੱਚੇ ਪ੍ਰਬੰਧ ਅਤੇ ਪੇਸ਼ਕਾਰੀ ਦੇ ਪੱਖ ਤੋਂ ਇਕ ਅਜਿਹਾ ਯਾਦਗਾਰੀ ਸਮਾਗਮ ਸੀ, ਇਸਨੂੰ ਪੰਜਾਬ ਦੇ ਲੇਖਕ ਕਲਾਕਾਰ ਅਤੇ ਬੁੱਧੀ ਜੀਵੀ ਬਹੁਤ ਸਮੇਂ ਤਕ ਯਾਦ ਕਰਦੇ ਰਹਿਣਗੇ। ਇਸ ਸਮਾਗਮ ਦੀ ਇਕ ਹੋਰ ਵਿਸ਼ੇਸ਼ ਖੂਬੀ ਇਹ ਸੀ ਕਿ ਭਿੰਨ ਭਿੰਨ ਗਰੁੱਪਾਂ ਵਿਚ ਵੰਡੇ ਹੋਏ ਕਮਿਊਨਿਸਟ ਇਨਕਲਾਬੀ ਅਪਣੇ ਛੋਟੇ ਮੋਟੇ ਮਤਭੇਦਾਂ ਨੂੰ ਛੱਡਕੇ ਇਕ ਥਾਂ ਇਕੱਠੇ ਹੋਏ। ਪੰਜਾਬ ਵਿਚ ਲੋਕ ਪੱਖੀ ਸਭਿਆਚਾਰਕ ਲਹਿਰ ਉਸਾਰਨ ਲਈ ਇਹ ਸੱਚਮੁੱਚ ਹੀ ਇਕ ਸ਼ੁਭ ਸ਼ਗਨ ਹੈ।

ਜਨਵਰੀ 1985 ਤੋਂ ਬਾਅਦ 16 ਮਾਰਚ 1985 ਦਾ ਛੰਦੜਾ ਦਾ ਸਮਾਗਮ ਵੀ ਇਕ ਯਾਦਗਾਰੀ ਸਮਾਗਮ ਸੀ। ਛੰਦੜਾ ਵਿਚ ਇਹ ਸਾਡਾ ਦੂਸਰਾ ਸਮਾਗਮ ਸੀ। ਮਾਰਚ 1984 ਵਿਚ ਛੰਦੜਾ ਦਾ ਸਮਾਗਮ ਜੋ ਕਿ ਇਕ ਨਾਟਕਾਂ ਦੇ ਮੁਕਾਬਲੇ ਦੇ ਰੂਪ ਵਿਚ ਹੋਇਆ ਸੀ, ਪਹਿਲੇ ਹੀ ਇਲਾਕੇ ਵਿਚ ਅਪਣੀ ਧੁੰਮ ਪਾ ਚੁਕਿਆ ਸੀ। ਪ੍ਰਸਿੱਧ ਨਾਟਕਕਾਰ ਫੁਲਵੰਤ ਸਿੰਘ ਨੇ ਇਸ ਬਾਰੇ ਹੇਠ ਲਿਖੀ ਰੀਪੋਰਟ ਲਿਖੀ ਸੀ।

'ਥੀਏਟਰ ਦੇ ਪੰਡਤ ਇਹ ਆਮ ਕਿਹਾ ਕਰਦੇ ਹਨ ਕਿ ਨਾਟਕ ਵਰਗੀ ਸੂਖਸ਼ਮ ਕਲਾ ਪਿੰਡਾਂ ਵਿਚ ਨਹੀਂ ਵਿਚਰ ਸਕਦੀ। ਇਸਨੂੰ ਸ਼ਹਿਰ ਹੀ ਜੀਵਤ ਰਖ ਸਕਦੇ ਹਨ ਅਤੇ ਇਥੋਂ ਹੀ ਇਸਦਾ ਵਿਕਾਸ ਹੋ ਸਕਦਾ ਹੈ। ਇਹੋ ਜਿਹੀਆਂ ਗੱਲਾਂ ਸੁਣ ਸੁਣ ਕੇ ਅਤੇ ਪੜ੍ਹ ਪੜ੍ਹ ਕੇ ਮੰਨ ਇਹ ਕਬੂਲਣ ਲਗ ਪਿਆ ਸੀ ਕਿ ਉਹ ਵਿਦਵਾਨ ਠੀਕ ਹੀ ਕਹਿੰਦੇ ਹਨ। ਇਹੋ ਜਿਹੇ ਵਾਤਾਵਰਨ ਵਿਚ ਕੀ ਕਦੇ ਕਿਸੇ ਸੋਚਿਆ ਸੀ ਪੰਜਾਬ ਦੇ ਪਿੰਡਾਂ ਵਿਚ ਨਾਟਕ ਕਰਨੇ ਤਾਂ ਇਕ ਪਾਸੇ ਪੰਜਾਬ ਪੱਧਰ ਦੇ ਨਾਟਕ ਮੁਕਾਬਲੇ ਵੀ ਹੋ ਸਕਦੇ ਹਨ ਅਤੇ ਉਹ ਵੀ ਬਹੁਤ ਸਫਲ। ਪਿੰਡ ਛਦੜਾਂ ਵਿਖੇ ਮਿਤੀ 10-3-84 ਅਤੇ 11-3-84 ਨੂੰ ਹੋਏ ਨਾਟਕ ਮੁਕਾਬਲੇ ਨੇ ਥੀਏਟਰ ਦੇ ਵਿਦਵਾਨਾਂ ਵਲੋਂ ਪਾਏ ਭਰਮ ਸਭ ਖੇਰੂੰ ਖੇਰੂੰ ਕਰ ਦਿਤੇ

ਹਨ। ਦੱਸ ਤੋਂ ਵੱਧ ਉੱਚੀ ਪੱਧਰ ਦੇ ਨਾਟਕ ਖੇਡੇ ਗਏ: ਅੱਜ ਇਸ ਗੱਲ ਨੂੰ ਮੰਨਣ ਵਿਚ ਕੋਈ ਸੰਕੋਚ ਨਹੀਂ ਕਰ ਸਕਦਾ ਕਿ ਜੇ ਥੀਏਟਰ ਦਾ ਸਹੀ ਵਿਕਾਸ ਚਾਹੁੰਦੇ ਹੋ ਤਾਂ ਉਸਨੂੰ ਪਿੰਡਾਂ ਵਿਚ ਲੈ ਜਾਉ। ਮੈਨੂੰ ਬਹੁਤ ਸਾਰੇ ਨਾਟਕ ਮੁਕਾਬਲੇ ਅਤੇ ਯੂਥ ਫੈਸਟੀਵਲ ਵੇਖਣ ਦਾ ਅਵਸਰ ਪ੍ਰਾਪਤ ਹੋਇਆ ਹੈ ਪ੍ਰੰਤੂ ਜੋ ਪ੍ਰਭਾਵ ਛੰਦੜਾ ਦੇ ਨਾਟਕ ਮੁਕਾਬਲੇ ਨੇ ਅਤੇ ਉਥੋਂ ਦੇ ਦਰਸ਼ਕਾਂ ਨੇ ਮੇਰੇ ਮੰਨ ਤੇ ਪਾਇਆ ਹੈ, ਉਹ ਸਦਾ ਅਮਿੱਟ ਰਹੇਗਾ।

ਪਲਸ ਮੰਚ ਦੇ ਇਤਿਹਾਸ ਵਿਚ ਨਸਰਾਲੀ, ਮਹਿਲ ਗੈਲਾਂ ਤੇ ਨਾਲ ਨਾਲ ਛੰਦੜਾ ਪਿੰਡ ਦਾ ਨਾਂ ਹਮੇਸ਼ਾ ਯਾਦ ਰਹੇਗਾ। 84-85 ਦੇ ਸਥਾਪਨਾ ਦਿਵਸ ਇਸੇ ਪਿੰਡ ਵਿਚ ਹੋਏ ਭੁਪਿੰਦਰ ਮਾਂਗਟ ਨੇ ਹੋਰਨਾਂ ਸਾਥੀਆਂ ਦੀ ਮੱਦਦ ਨਾਲੇ ਇਹਨਾ ਸਮਾਗਮਾਂ ਵਿਚ ਆਦਰਸ਼ਕ ਵਾਤਾਵਰਨ ਅਤੇ ਪ੍ਰਬੰਧ ਮੁਹੀਯਾ ਕੀਤਾ, 16 ਮਾਰਚ 1985 ਵਿਚ ਹੋਏ ਛੰਦੜਾ ਸਮਾਗਮ ਬਾਰੇ ਸੁਰਜੀਤ ਬਰਾੜ ਇਕ ਰੇਪੋਰਟ ਵਿਚ ਅਪਣੇ ਪ੍ਰਭਾਵ ਹੇਠ ਲਿਖੇ ਸ਼ਬਦਾਂ ਵਿਚ ਸਾਂਝੇ ਕਰਦਾ ਹੈ।

'ਪੰਜਾਬ ਲੋਕ ਸਭਿਆਚਾਰ ਵਲੋਂ ਛੰਦੜਾ ਵਿਖੇ ਅਪਣਾ ਸਥਾਪਨਾ ਦਿਵਸ 16 ਮਾਰਚ ਨੂੰ ਮਨਾਇਆ ਗਿਆ। ਪਲਸ ਮੰਚ ਦਾ ਇਹ ਪ੍ਰੋਗਰਾਮ ਵੀ ਜਲੰਧਰ ਤੇ 26 ਜਨਵਰੀ ਦੇ ਪ੍ਰੋਗਰਾਮ ਵਾਂਗ ਇਕ ਅਦੁੱਤੀ ਤੇ ਲਾਸਾਨੀ ਸੀ। ਪਲਸ ਮੰਚ ਹੀ ਪੰਜਾਬ ਦੀ ਇਕੋ ਇਕ ਜਥੇਬੰਦੀ ਹੈ ਜੋ ਨਰੋਏ ਸਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਦਿਨੇ ਰਾਤ ਕੰਮ ਕਰ ਰਹੀ ਹੈ। ਪਲਸ ਮੰਚ ਹੀ ਇਕੋ ਇਕ ਮੰਚ ਰਿਹਾ ਹੈ ਜੋ ਪਿਛਲੇ ਅਤ ਦੇ ਨਾਜ਼ੁਕ ਸਮੇਂ ਵਿਚ ਵੀ ਜਿਉਂਦਾ ਰਿਹਾ ਹੈ ਅਤੇ ਪੂਰੀ ਨਿਡਰਤਾ-ਨਿਰਭੈਤਾ ਨਾਲ ਸਮਰੱਥਾ ਤੋਂ ਵੱਧ ਕੰਮ ਕਰਦਾ ਰਿਹਾ ਹੈ, ਜਦੋਂ ਕਿ ਬਾਕੀ ਸਭ ਜਥੇਬੰਦੀਆਂ ਡਰ ਨਾਲ ਨੀਰਸ ਅਤੇ ਸ਼ਾਂਤ ਹੋ ਗਈਆਂ ਸਨ। ਪਲਸ ਮੰਚ ਹੀ ਸੀ ਜਿਸਨੇ ਅੱਗ ਤੇ ਖੇਡ ਕੇ ਵੀ ਫਿਰਕੂ ਸਦਭਾਵਨਾ ਲਈ ਉਸਾਰੂ ਕੰਮ ਕੀਤਾ। ਛੰਦੜਾ ਸਮਾਗਮ ਵਿਚ ਖੇਡੇ ਗਏ ਨਾਟਕ 'ਰਿਸ਼ਤਿਆਂ ਦਾ ਕੀ ਰਖੀਏ ਨਾਂ' ਅਤੇ 'ਬਾਬਾ ਬੋਲਦਾ ਹੈ' ਇਸ ਦੀਆਂ ਮਿਸਾਲਾਂ ਹਨ, 'ਬਾਬਾ ਬੋਲਦਾ ਹੈ' ਹਰ ਪਖੋਂ ਇਕ ਬੜਾ ਜ਼ਬਰਦਸਤ ਨਾਟਕ ਹੈ, ਇਸ ਨਾਟਕ ਨੂੰ ਅੱਜ ਦੇ ਸਮੇਂ ਦਾ ਯੁੱਗ ਨਾਟਕ' ਕਿਹਾ ਜਾਏ ਤਾਂ ਅਤਿਕਥਨੀ ਨਹੀਂ ਹੋਵੇਗੀ। ਇਸ ਸਮਾਗਮ ਦੀ ਹੋਰ ਯਾਦਗਾਰੀ ਪ੍ਰਾਪਤੀਆਂ ਮਾਛੀਵਾੜਾ, ਨਾਟਕ ਕਲਾ ਕੇਂਦਰ ਵਲੋਂ ਖੇਡਿਆ ਗਿਆ ਨਾਟਕ 'ਦੇਵ ਪੁਰਸ਼ ਹਾਰ ਗਏ', ਅਤੇ ਪੰਜਾਬ ਨਾਟਕ ਕਲਾ ਕੇਂਦਰ ਵਲੋਂ 'ਔਰੰਗਜ਼ੇਬ ਅਜੇ ਮਰਿਆ ਨਹੀਂ' ਕਹੇ ਜਾ ਸਕਦੇ ਹਨ।'

ਪਿਛਲੇ ਸਾਲਾਂ ਵਿਚ ਪਲਸ ਮੰਚ ਦੇ ਹੋਰ ਯਾਦਗਰੀ 1985 ਅਤੇ 1986 ਦੇ ਲੁਧਿਆਨਾ ਦੇ ਸਮਾਗਮ ਹਨ। ਜਿਨਾਂ ਵਿਚ ਡਾਕਟਰ ਆਤਮਜੀਤ ਵਲੋਂ ਪੇਸ਼ ਕੀਤਾ ਗਿਆ ਨਾਟਕ 'ਰਿਸ਼ਤਿਆਂ ਦਾ ਕੀ ਰਖੀਏ ਨਾਂ' ਹਮੇਸ਼ਾ ਇਕ ਯਾਦਗਾਰੀ ਪੇਸ਼ਕਾਰੀ ਦੇ ਤੌਰ ਤੇ ਯਾਦ ਕੀਤਾ ਜਾਏਗਾ।

ਸਾਹਿਤ ਦੇ ਖੇਤ੍ਰ ਵਿਚ ਪਲਸ ਮੰਚ ਦੀਆਂ ਪ੍ਰਾਪਤੀਆਂ ਕਈ ਯਾਦਗਾਰੀ ਗੋਸ਼ਟੀਆਂ ਅਤੇ ਸਾਹਿਤਕ ਸਮਾਗਮ ਹਨ। ਇਸੇ ਖੇਤ੍ਰ ਵਿਚ ਪਲਸ ਮੰਚ ਵਲੋਂ ਪ੍ਰਕਾਸ਼ਤ ਪੁਸਤਕਾਂ 'ਭਾਰਤੀ ਜੇਲ੍ਹਾਂ ਵਿਚ ਪੰਜ ਵਜੇ, ਪਹੁੰਚੇ ਹਾਂ ਕਿਸ ਮੁਕਾਮ ਤੇ, ਜਾਗ ਜਾਗ ਓ ਲੋਕਾ, ਹਿੰਮਤੀ, ਜੰਗਲ ਦੇ ਵਿਰੁੱਧ, ਤੀਲ੍ਹੇ ਤੇ ਆਲ੍ਹਣੇ, 1985 ਦਾ ਚੋਣਵਾ ਸਾਹਿਤ ਆਦਿਕ ਹਨ।

ਇਹਨਾਂ ਮੁੱਢਲੇ ਸਾਲਾਂ ਵਿਚ ਪ੍ਰਧਾਨ ਦੇ ਤੌਰ ਤੇ ਮੈਂ ਪਲਸ ਮੰਚ ਦੀ ਮੁੱਖ ਜ਼ਿੰਮੇਵਾਰੀ ਨਿਭਾਈ ਹੈ। ਬੜੀਆਂ ਮਾਨਮਤੀਆਂ ਯਾਦਾਂ ਹਨ, ਇਸ ਦੌਰ ਦੀਆਂ ਪਰ ਤਲਖ਼ ਯਾਦਾਂ ਵੀ ਹਨ। ਇਹਨਾਂ ਵਿਚੋਂ ਇਕ ਤਲਖ਼ ਯਾਦ ਹੈ, ਜਦੋਂ 1985 ਦੇ ਸਮਾਗਮ ਵਿਚ ਪੁਸਤਕ 'ਪਹੁੰਚੇ ਹਾਂ ਕਿਸ ਮੁਕਾਮ ਤੇ' ਦੀ ਬੇਲੋੜੀ ਆਲੋਚਨਾ ਕੀਤੀ ਗਈ ਤੇ ਇਸ ਸੰਗ੍ਰਿਹ ਦੀ ਪੰਜਾਬੀ ਸਾਹਿਤ ਵਿਚ ਇਤਹਾਸਕ ਦੇਣ ਨੂੰ ਛੁਟਿਆਇਆ ਗਿਆ। ਸਾਹਿਤ ਵਿਚ ਤੰਗਨਜ਼ਰੀ ਵਾਲੀ ਪਹੁੰਚ ਇਸ ਅਲੋਚਨਾ ਵਿਚੋਂ ਝਲਕਦੀ ਸੀ। ਦੂਜੀ ਤਲੱਖ ਯਾਦ ਪ੍ਰੋ. ਹਰਦਰਦਵੀਰ ਵਲੋਂ ਸੰਪਾਦਤ ਕੀਤੀ ਕਹਾਣੀਆਂ ਦੀ ਕਿਤਾਬ 'ਤੀਲ੍ਹੇ ਤੇ ਆਲ੍ਹਣੇ' ਬਾਰੇ ਹੈ ਜਦੋਂ ਸੰਪਾਦਕ ਦੀ ਇਤਲਾਹ ਬਿਨਾਂ ਤੇ ਉਹਨੂੰ ਵਿਸ਼ਵਾਸ਼ ਵਿਚ ਲਏ ਬਿਨਾਂ ਕੁਝ ਕਹਾਣੀਆਂ ਸੰਗ੍ਰਿਹ ਵਿਚ ਸ਼ਾਮਲ ਨਾਂ ਕੀਤੀਆਂ ਗਈਆਂ। ਇਕ ਤਲਖ਼ ਯਾਦ ਉਸ ਵੇਲੇ ਦੀ ਵੀ ਹੈ ਜਦੋਂ 5 ਜੁਲਾਈ 1987 ਦੇ ਸਮਾਗਮ ਵਿਚ ਕਿਸੇ ਡੈਲੀਗੇਟ ਨੇ ਮੇਰੇ ਡਿਕਟੇਟਰਾਨਾ ਫੈਸਲਿਆਂ ਦੀ ਚਰਚਾ ਕੀਤੀ। ਮੈਂ ਮਹਿਸੂਸ ਕਰਦਾ ਹਾਂ ਕਿ ਇਹਨਾਂ 5 ਸਾਲਾਂ ਵਿਚ ਕਈ ਫੈਸਲੇ ਫੌਰੀ ਤੌਰ ਤੇ ਲੈਣੇ ਪਏ, ਪਰ ਉਹ ਕਿਸੇ ਡਿਕਟੇਟਰਾਨਾ ਰਵੀਯੇ ਨਾਲ ਨਹੀਂ ਸਨ, ਸਗੋਂ ਇਕ ਜ਼ਿਮੇਵਾਰੀ ਨਿਭਾਉਣ ਦੇ ਸਿਲਸਿਲੇ ਵਿਚ ਹੀ ਸਨ। ਪਲਸ ਮੰਚ ਦੇ ਅਸੀਂ ਸਾਰੇ ਅਹੁਦੇਦਾਰ ਭਾਵੇਂ ਮੈਂ, ਭਾਵੇਂ ਸਬਜਿੰਦਰ ਭਾਵੇਂ ਸੁਰਜੀਤ ਪਲਸ ਮੰਚ ਵਲ ਅਪਣੀ ਜ਼ਿੰਮੇਵਾਰੀਆਂ ਨਿਭਾਉਣ ਖਾਤਿਰ ਹੀ ਅਹੁਦੇਦਾਰ ਸਾਂ। ਕਿਸੇ ਚੌਧਰ ਖਾਤਿਰ ਨਹੀਂ। ਇਹ ਤਲਖ਼ ਤਜਰਬਾ ਨਹੀਂ ਇਹ ਹਕੀਕਤ ਹੈ ਕਿ ਇਨਕਲਾਬੀ ਕੇਂਦਰ ਪੰਜਾਬ ਦੇ ਕਨਵੀਨਰ ਬਣਨ ਥੋਂ ਬਾਅਦ ਮੇਰੀ ਤੇ ਪਲਸ ਮੰਚ ਦੇ ਉਹਨਾਂ ਸਾਥੀਆਂ ਵਿਚਕਾਰ ਇਕ ਆਪਸੀ ਵਿਸ਼ਵਾਸ

ਦੀ ਤ੍ਰੇੜ ਆਈ, ਜਿਹਨਾਂ ਨਾਲ ਰਲਕੇ ਪਲਸ ਮੰਚ ਦੀ ਕਾਰਗੁਜ਼ਾਰੀ ਵਿਚ ਫਰਕ ਆ ਸਕਦਾ ਸੀ। ਇਸ ਲਈ ਮੈਂ ਸਬਜਿੰਦਰ ਕੇਦਾਰ ਅਤੇ ਸਾਥੀ ਅਮੋਲਕ ਹੋਰਾਂ ਨੂੰ ਇਹ ਸੁਝਾਅ ਵੀ ਦਿਤਾ ਅਤੇ ਪੇਸ਼ਕਸ਼ ਵੀ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਉਹ ਅਹੁਦੇਦਾਰਾਂ ਦੀ ਟੀਮ ਅਪਣੀ ਮਰਜ਼ੀ ਨਾਲ ਬਨਾਉਣ ਤਾਂ ਜੋ ਕੰਮ ਵਿਚ ਕਿਸੇ ਕਿਸਮ ਦਾ ਵਿਖਾਣ ਨਾ ਪਏ। ਮੈਨੂੰ ਖੁਸ਼ੀ ਵੀ ਹੈ ਤੇ ਤੱਸਲੀ ਵੀ ਹੈ ਕਿ ਉਹਨਾਂ ਨੇ 5 ਜੁਲਾਈ 1987 ਇਹ ਟੀਮ ਬਣਾਈ। **ਅਸੀਂ ਲਹਿਰ ਪ੍ਰਤੀ ਜੇਕਰ ਇਮਾਨ-ਦਾਰ ਹਾਂ ਸਾਨੂੰ ਇਹ ਫੈਸਲੇ ਲੈਣ ਵਿਚ ਕੋਈ ਦਿੱਕਤ ਨਹੀਂ ਹੁੰਦੀ।**

1987 ਦੀ ਨਵੀਂ ਪ੍ਰਬੰਧਕੀ ਟੀਮ ਨੇ 12 ਸਤੰਬਰ 1987 ਲੁਧਿਆਨਾ ਦਾ ਸਮਾਗਮ ਜਿਸ ਸਫਲਤਾ ਨਾਲ ਸਿਰੇ ਚੜ੍ਹਾਇਆ ਹੈ, ਉਹ ਇਸ ਗੱਲ ਦੀ ਜ਼ਾਮਨੀ ਭਰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਸ ਟੀਮ ਦੀ ਅਗਵਾਈ ਵਿਚ ਪਲਸ ਮੰਚ ਲੋਕ ਪੱਖੀ ਕਲਾ ਦੇ ਵਿਕਾਸ ਵਿਚ ਵਡਾ ਹਿੱਸਾ ਪਾਏਗਾ। ਇਸ ਸਮਾਗਮ ਤੇ ਮੈਂ ਰਾਤੀਂ ਦੋ ਵਜੇ ਹੀ ਪੁੱਜ ਸਕਿਆ ਸਾਂ। ਤਲਵਾੜਾ ਵਿਚ ਇਕ ਹੋਰ ਸਮਾਗਮ ਤਹਿ ਹੋ ਗਿਆ ਸੀ, ਜਿਸ ਵਿਚ ਕੁਝ ਆਲ ਇੰਡੀਆ ਜਥੇਬੰਦੀਆਂ ਦੀ ਸ਼ਮੂਲੀਅਤ ਹੋਣ ਕਰਕੇ ਤ੍ਰੀਖ ਨਾ ਬਦਲਨ ਦੀ ਮਜਬੂਰੀ ਸੀ।

ਜੋ ਕੁਝ ਮੈਂ ਆਪ ਦੇਖ ਸਕਿਆ ਅਤੇ ਹੋਰ ਸਾਰੀ ਰੀਪੋਰਟ ਲੈਣ ਤੋਂ ਬਾਅਦ ਮੈਂ ਇਹ ਆਖ ਸਕਦਾ ਹਾਂ ਕਿ ਸਮਾਗਮ ਵਿਚ ਪੇਸ਼ ਕੀਤੇ ਨਾਟਕਾਂ ਦਾ ਪੱਧਰ ਬਹੁਤ ਤਸੱਲੀ ਬਖਸ਼ ਸੀ ਅਤੇ ਸਾਰੀਆਂ ਟੀਮਾਂ ਨੇ ਬੜੀ ਸੰਜੀਦਗੀ ਨਾਲ ਇਹਦੀ ਤਿਆਰੀ ਕੀਤੀ ਸੀ। ਨਾਟਕ 'ਇਕ ਮਾਂ' ਦੋ ਮੁੱਲਕ' ਅਤੇ ਰਾਜ ਸਾਹਿਬਾਂ ਦਾ' ਅਤੇ ਐਕਸ਼ਨ ਗੀਤ 'ਪੰਜਾਬ ਕੂਕਦਾ ਹੈ ਅਤੇ ਹਿੰਦੀ ਗੀਤ 'ਬਹੁਤ ਅੰਧੇਰਾ ਹੈ, ਮਸ਼ਾਲੇ ਬੰਨ ਕੇ ਜਲੋਂ ਅਸੀਂ' ਅਸੀਂ ਇਸ ਸਮਾਗਮ ਨੂੰ ਮੁਖ ਰੱਖਕੇ ਹੀ ਤਿਆਰ ਕੀਤੇ ਸਨ। ਹਿੰਦੀ ਗੀਤ ਰਾਧੇ ਸ਼ਾਮ ਦਾ ਲਿਖਿਆ ਹੋਇਆ ਹੈ, ਜੋ ਰਤਲਾਮ (ਮਧਿਆ ਪ੍ਰਦੇਸ਼) ਦਾ ਇਕ ਮਜ਼ਦੂਰ ਨੇਤਾ ਸੀ ਅਤੇ ਸੰਘਰਸ਼ ਦੀ ਜ਼ਿੰਦਗੀ ਜੀ ਦੇ ਹੋਏ ਹੀ ਜਿਸਨੇ ਮੌਤ ਨੂੰ ਕਬੂਲ ਕੀਤਾ ਸੀ। ਮੈਨੂੰ ਖੁਸ਼ੀ ਹੈ ਕਿ ਜਗਮੋਹਣ ਜੋਸ਼ੀ ਦੇ ਗੀਤਾਂ ਵਾਂਗ ਇਸ ਗੀਤ ਨੇ ਵੀ ਸੂਝਵਾਨ ਦਰਸ਼ਕਾਂ ਕੋਲੋਂ ਪੂਰੀ ਪ੍ਰਸੰਸਾ ਲਈ ਹੈ। ਸਵੇਰੇ ਜਦੋਂ ਸਮਾਗਮ ਖਤਮ ਹੋਇਆ ਤਾਂ ਮੈਂ ਮਹਿਸੂਸ ਕਰਦਾ ਸਾਂ ਕਿ ਰਾਧੇਸ਼ਾਮ ਦਾ ਇਕ ਹੋਰ ਗੀਤ ਵੀ ਗਾਇਆ ਜਾ ਸਕਦਾਂ ਸੀ 'ਥੱਕ ਕਰ ਜੋ ਸੋ ਗਏ ਉਨਕੋ ਜਗਾਓ ਜਾਗਨੇ ਵਾਲੇ ਸੁਬਾਹ ਕੇ ਗੀਤ ਗਾਓ, ਦੂਰ ਹੋਗਾ ਹੀ ਅੰਧੇਰਾ ਲੌ ਰੋਸ਼ਨੀ ਕੀ ਉਠੇਗੀ, ਰੋਸ਼ਨੀ ਕਾ ਹੈ ਯੇਹ ਯੁੱਗ, ਰੋਸ਼ਨੀ ਕਾ ਪਰਚਮ ਉਠਾਓ' ਪਰ ਉਸ ਵੇਲੇ ਤਕ ਕਲਾਕਾਰ ਸਾਰੇ ਦਰਸ਼ਕਾਂ ਵਿਚ ਹੀ ਰਲ ਗਏ ਸਨ ਤੇ ਸਮਾਂ ਬਹੁਤ ਹੋ ਗਿਆ ਸੀ। ਇਹ ਗੀਤ ਨਾ ਹੋ ਸਕਿਆ। ਰੀਪੋਰਟ ਅਨੁਸਾਰ ਇਸ ਵੇਲੇ ਤਿੰਨ ਕੰਮ ਪਲਸ ਮੰਚ ਨੇ ਉਲੀਕੇ ਸਨ।

1) ਲੋਕ ਪੱਖੀ ਨਾਟਕਾਂ ਅਤੇ ਗੀਤਾਂ ਦੇ ਸਮਾਗਮ ਥਾਂ ਥਾਂ ਤੇ ਕਰਵਾਉਣੇ ਤੇ ਬੱਚਿਆਂ ਸਮੇਤ ਨਵੇਂ ਕਲਾ-ਕਾਰਾਂ ਨੂੰ ਉਤਸ਼ਾਹਤ ਕਰਨਾ।

2) ਸਰਦਲ ਮੈਗਜ਼ੀਨ ਰਾਹੀਂ ਲੋਕ ਪੱਖੀ ਸਾਹਿਤ ਦਾ ਵਿਕਾਸ ਕਰਨਾ।

2) ਲੋਕ ਪੱਖੀ ਸਾਹਿਤ ਦੀ ਪ੍ਰਕਾਸ਼ਨ ਕਰਨਾ।

ਸਰਦਲ ਬਾਰੇ ਮੇਰੀ ਇਹ ਰੀਝ ਹੈ ਇਹ ਤ੍ਰੈਮਾਸਕ ਦੀ ਥਾਂ ਇਕ ਮਾਸਕ ਹੋਵੇ। ਪਲਸ ਮੰਚ ਕੋਲ ਇਕ ਰੀਜ਼ਰਵ ਫੰਡ ਹੋਵੇ (ਇਸ ਲਈ ਖੁਲ੍ਹੇ ਆਮ ਅਪੀਲ ਕੀਤੀ ਜਾਏ) ਤਾਂ ਜੋ ਚੰਗੀਆਂ ਤੋਂ ਚੰਗੀਆਂ ਲੋਕ ਪੱਖੀ ਸਾਹਿਤ ਦੀਆਂ ਕਿਤਾਬਾਂ ਲੋਕਾਂ ਤੱਕ ਪੁੱਜ ਸਕਣ। ਸੂਬਾ ਕਮੇਟੀ ਦੇ ਹੋਰਨਾਂ ਸਾਥੀਆਂ ਸਬਜਿੰਦਰ ਕੇਦਾਰ ਦੇ ਸਹਿਯੋਗ ਨਾਲ ਮੁੱਢਲੇ ਸਾਲਾਂ ਵਿਚ ਬਹੁਤ ਸਾਰੇ ਕੰਮਾਂ ਦੀ ਮੈਂ ਨਿੱਜੀ ਤੌਰ ਤੇ ਜਿੰਮੇਵਾਰੀਆਂ ਲੈਂਦਾ ਰਿਹਾ ਹਾਂ, ਇਹ ਜ਼ਰੂਰੀ ਵੀ ਸਨ। ਜਿਹਨਾ ਚਿਰ ਸੰਸਥਾ ਦਾ ਆਧਾਰ ਪੂਰੀ ਤਰ੍ਹਾਂ ਲੋਕਾਂ ਵਿਚ ਕਾਇਮ ਨਾ ਹੋਵੇ, ਲੋਕਾਂ ਕੋਲੋਂ ਵੱਡੀ ਪੱਧਰ ਤੇ ਸਹਿਯੋਗ ਦੀ ਉਮੀਦ ਨਹੀਂ ਰੱਖੀ ਜਾ ਸਕਦੀ ਪਰ ਹੁਣ ਪਲਸ ਮੰਚ ਨੇ ਸੂਝਵਾਨ ਲੋਕਾਂ ਵਿਚ ਆਪਣੀ ਸਤਿਕਾਰ ਯੋਗ ਥਾਂ ਬਣਾ ਲਈ ਹੈ। ਪਲਸ ਮੰਚ ਵਲੋਂ ਜੋ ਵੀ ਪ੍ਰਾਜਕਟ ਉਲੀਕੇ ਜਾਣਗੇ, ਲੋਕਾਂ ਵਲੋਂ ਪੂਰੇ ਸਹਿਯੋਗ ਅਤੇ ਮਾਇਕ ਸਹਾਇਤਾ ਦੀ ਉਮੀਦ ਰੱਖੀ ਜਾ ਸਕਦੀ ਹੈ ਪਲਸ ਮੰਚ ਸਾਡੀ ਲਹਿਰ ਦੀ ਇਕ ਫ਼ਖਰੀਆਂ ਪ੍ਰਾਪਤੀ ਹੈ ਤੇ ਸਾਡਾ ਸਾਰਿਆਂ ਦਾ ਫ਼ਰਜ਼ ਹੈ ਕਿ ਇਸ ਦੀ ਮਾਨਪਤੀ ਪੁਜ਼ੀਸ਼ਨ ਤੇ ਸ਼ਾਨਦਾਰ ਰਵੈਤਾਂ ਨੂੰ ਕਾਇਮ ਰਖੀਏ, ਇਹ ਇਨਕਲਾਬੀ ਲਹਿਰ ਦੇ ਹਿੱਤ ਵਿਚ ਹੈ।

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ; ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ : 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120

ਕਹਾਣੀ

# ਸ਼ਨਾਖ਼ਤ

ਮਿੱਤਰਸੈਨ ਮੀਤ

ਸਾਹਿਬ ਦਾ ਹੁਕਮ ਮਿਲਦਿਆਂ ਹੀ ਬਘੇਲ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸਦਾ ਪੈਂਤੀਆਂ ਸਾਲਾਂ ਦਾ ਤਜਰਬਾ ਆਖਦਾ ਸੀ ਅਫ਼ਸਰ ਕਦੇ ਸੁੱਖ ਨੂੰ ਯਾਦ ਨਹੀਂ ਕਰਦੇ। ਜ਼ਰੂਰ ਉਸ ਤੋਂ ਕੋਈ ਗਲਤੀ ਹੋ ਗਈ ਹੈ। ਪਰ ਕੀ ਗਲਤੀ ਹੋ ਗਈ ਇਹੋ ਉਸਦੀ ਅਕਲ ਦੇ ਖ਼ਾਨੇ ਵਿਚ ਨਹੀਂ ਸੀ ਆਂ ਿਹਾ।

ਉਸਦੀ ਨੀਂਦ ਤਾਂ ਪਹਿਲਾਂ ਹੀ ਹਰਾਮ ਹੋਈ ਪਈ ਸੀ। ਮਹੀਨੇ ਦੀ ਹੜਤਾਲ ਕੋਈ ਘੱਟ ਨਹੀਂ ਹੁੰਦੀ; ਫੇਰ ਅਜਿਹੇ ਸ਼ੈਲਰਾਂ ਵਿਚ ਜਿਨ੍ਹਾਂ ਦੀ ਪਹੁੰਚ ਸਿਧੀ ਮੁੱਖ ਮੰਤ੍ਰੀ ਤੱਕ ਹੋਵੇ। ਹੜਤਾਲ ਕਾਹਦੀ ਸ਼ੁਰੂ ਹੋਈ ਸੀ ਬਘੇਲ ਸਿੰਘ ਦੀ ਜੇਬ ਤੇ ਗ੍ਰਹਿ ਚੜ੍ਹਿਆ ਸੀ। ਆਨੇ ਬਹਾਨੇ ਨਿੱਤ ਨਵਾਂ ਅਫ਼ਸਰ ਆ ਟਪਕਦਾ ਜਿਵੇਂ ਇਥੇ ਲਗੀ ਅੱਗ ਉਹਨਾਂ ਬਿਨਾਂ ਬੁਝ ਹੀ ਨਹੀਂ ਸਕਦੀ। ਕਾਜੂ, ਬਦਾਮਾਂ ਅਤੇ ਮੁਰਗੇ ਵਿਸਕੀਆਂ ਦਾ ਇੰਤਜ਼ਾਮ ਕਰਦੇ ਕਰਦੇ ਉਸਦੀ ਟਿੰਡ ਗੰਜੀ ਹੋ ਗਈ ਸੀ। ਉਧਰੋਂ ਥਾਣੇ ਪੱਬ ਨਹੀਂ ਸੀ ਪੈਂਦਾ। ਕੁਰਸੀ ਤੇ ਬੈਠੇ ਤਾਂ ਖਰਚਾ ਨਿਕਲੇ।

ਇਸ ਤੋਂ ਵੀ ਵੱਧ ਫਿਕਰ ਉਸਨੂੰ ਆਪਣੇ ਮਨ ਦਾ ਸੀ ਜਿਹੜਾ ਮਜ਼ਦੂਰ ਰੈਲੀਆਂ ਵਿਚ ਹੁੰਦੇ ਨਿੱਤ ਦੇ ਭਾਸ਼ਣ ਸੁਣ ਸੁਣ ਡੋਲ ਗਿਆ ਸੀ। ਪੰਦਰਾਂ ਸਾਲ ਪਹਿਲਾਂ ਵੀ ਉਸਦਾ ਮਨ ਇਸੇ ਤਰ੍ਹਾਂ ਡੋਲਿਆ ਸੀ ਤੇ ਉਸਨੇ ਖ਼ਤਰਨਾਕ ਅਖਵਾਉਂਦੇ ਤਿੰਨ ਨਕਸਲੀਏ ਥਾਣਿਉਂ ਭਜਾ ਦਿਤੇ ਸਨ। ਉਹਨਾ ਨੂੰ ਇੰਟਰੋਗੇਟ ਕਰਦਾ ਕਰਦਾ ਉਹ ਖੁਦ ਹੀ ਬਦਲ ਗਿਆ ਸੀ। ਪਿਛੋਂ ਸਸਪੈਂਡ ਹੋਣ ਅਤੇ ਬਹਾਲੀ ਲਈ ਇਕ ਸਾਲ ਦਫ਼ਤਰਾਂ ਦੇ ਧਕੇ ਖਾਣ ਵਿਚ ਉਸਨੂੰ ਕੋਈ ਰੰਜ ਨਹੀਂ ਸੀ ਹੋਇਆ। ਉਹਨਾਂ ਵਿਚੋਂ ਦੋ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਪਿਛੋਂ ਜਦੋਂ ਉਸਨੂੰ ਬਹਾਲੀ ਦੇ ਆਰਡਰ ਮਿਲੇ ਸਨ ਉਸ ਸਮੇਂ ਜ਼ਰੂਰ ਉਸਦੇ ਹੱਥ ਕੰਬੇ ਸਨ ਅਤੇ ਮਲੋ ਮਲੀ ਅੱਖਾਂ ਸਿੰਮ ਆਈਆਂ ਸਨ।

ਉਸਨੂੰ ਕਈ ਵਾਰ ਭੁਲੇਖਾ ਪਿਆ ਸੀ ਜਿਵੇਂ ਉਸ ਅੰਦਰ ਧੁੜਧੜੀ ਪੈਦਾ ਕਰਨ ਵਾਲੇ ਮਜ਼ਦੂਰ ਨੇਤਾ ਦੇ ਨਕਸ਼ ਬਚ ਰਹਿਣ ਵਾਲੇ ਤੀਸਰੇ ਨਕਸਲੀਏ ਨਾਲ ਮਿਲਦੇ ਜੁਲਦੇ ਸਨ। ਉਹ ਕਦੇ ਬਹੁਤਾ ਪੁਲਿਸ ਦੇ ਖਿਲਾਫ਼ ਵੀ ਨਹੀਂ ਬੋਲਿਆ। ਨਹੀਂ ਤਾਂ ਬਹੁਤੇ ਨੇਤਾਵਾਂ ਦਾ ਨਜ਼ਲਾ ਪੁਲਿਸ ਤੇ ਹੀ ਲੜਦਾ ਸੀ। ਆਪਣੇ ਆਪ ਅਤੇ ਆਪਣੀ ਵਰਦੀ ਨਾਲ ਪੈਦਾ ਹੁੰਦੀ ਜਾ ਰਹੀ ਨਫਰਤ ਉਸਨੂੰ ਘੁਣ ਵਾਂਗ ਖਾਣ ਲਗੀ ਸੀ।

ਉਸਨੂੰ ਤਾਂ ਇਹਨਾਂ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਨੇ ਹੀ ਘੱਟ ਬੇਚੈਨ ਨਹੀਂ ਸੀ ਕਰ ਰਖਿਆਂ ਕਿ ਉਪਰੋਂ ਕਿਸੇ ਹੋਰ ਮੁਸੀਬਤ ਦਾ ਪਹਾੜ ਟੁੱਟਣ ਦਾ ਸੁਨੇਹਾ ਮਿਲਣ ਵਾਲਾ ਸੀ।

ਇਸ ਨਵੀਂ ਮੁਸੀਬਤ ਦੀ ਜੜ੍ਹ ਉਸਨੂੰ ਆਪਣਾ ਮੁਨਸ਼ੀ ਲੱਗਦਾ ਸੀ। ਮੁਨਸ਼ੀ ਥਾਣੇ ਦੀ ਮਾਂ ਹੁੰਦਾ ਹੈ। ਥਾਣੇ ਦਾ ਸਾਰਾ ਇੰਤਜ਼ਾਮ ਉਸਨੇ ਆਪਣੀ ਅਕਲ ਦੇ ਸਿਰ ਤੇ ਚਲਾਉਣਾ ਹੁੰਦੈ। ਪਰ ਇਸ ਪੁੱਠੀ ਮਤ ਵਾਲੇ ਨੇ ਸਗੋਂ ਸਾਰੀ ਤਾਣੀ ਹੀ ਉਲਝਾ ਦਿੱਤੀ। ਉਸਦਾ ਫਰਜ਼ ਸੀ ਉਹ ਰੀਡਰ ਤੋਂ ਸਾਰੇ ਵੇਰਵੇ ਲੈਂਦਾ। ਸਾਹਿਬ ਨੇ ਥਾਣੇਦਾਰ ਨੂੰ ਕਿਉਂ ਬੁਲਾਇਐ ? ਕੋਈ ਸ਼ਿਕਾਇਤ ਤਾਂ ਨਹੀਂ। ਜੇ ਹੈ ਤਾਂ ਸ਼ਿਕਾਇਤੀ ਦਾ ਪਤਾ ਠਿਕਾਣਾ ਪੁਛਦਾ। ਬਘੇਲ ਸਿੰਘ ਦੇ ਆਉਣ ਤੋਂ ਪਹਿਲਾਂ ਹੀ ਸ਼ਿਕਾਇਤੀ ਨੂੰ ਬੁਲਾ ਕੇ ਉਸਦੀ ਤਸੱਲੀ ਕਰ ਦਿੰਦਾ ਇਸ ਡੂਨ ਨੇ 'ਜੀ ਹਜ਼ੂਰ' ਆਖਕੇ ਹੀ ਟੈਲੀਫੋਨ ਨੂੰ ਮੱਥਾ ਟੇਕ ਦਿੱਤਾ ਜਿਵੇਂ ਸਾਹਿਬ ਨੇ ਫੋਨ ਵਿਚੋਂ ਨਿਕਲ ਪੈਣਾ ਸੀ।

ਉਸਨੂੰ ਕੋਈ ਪਤਾ ਨਹੀਂ ਰੀਡਰ ਦੀ ਆਵਾਜ਼ ਤਲਖ ਸੀ ਜਾਂ ਨਰਮ। ਉਸਨੂੰ ਦਫਤਰ ਬੁਲਾਇਐ ਜਾਂ ਕੋਠੀ। ਹੁਣ ਉਹ ਕਿਸ ਭੜੂਏ ਤੋਂ ਪੁਛੇ ਬਈ ਸਾਹਿਬ ਨੂੰ ਉਸਦੀ ਕੀ ਲੋੜ ਹੈ ?

ਹੈਰਾਨ ਪ੍ਰੇਸ਼ਾਨ ਬਘੇਲ ਸਿੰਘ ਸਥਿਤੀ ਦਾ ਜਾਇਜ਼ਾ ਲੈਣ ਲੱਗ। ਸਭ ਤੋਂ ਪਹਿਲਾਂ ਉਸਨੇ ਬਾਹਰ ਬੈਠੀਆਂ ਪੰਚਾਇਤਾਂ ਟਾਲੀਆਂ। ਥਾਣੇ ਦਾ ਦਰਵਾਜ਼ਾ ਬੰਦ ਕਰਵਾ ਕੇ ਹਵਾਲਾਤ ਅਤੇ ਬੈਰਕਾਂ ਵਿਚ ਬੰਦ ਮੁਸਤਵਿਆਂ ਨੂੰ ਕਤਾਰ ਵਿਚ ਖੜਾ ਲਿਆ। ਉਸਦੀਆਂ ਪਾਰਖੂ ਅੱਖਾਂ ਨੇ ਇਕ ਇਕ ਦੇ ਚਿਹਰੇ ਤੇ ਉਭਰਦੇ ਹਾਵ ਭਾਵਾਂ ਦੇ ਅਰਥ ਕੱਢਣੇ ਸ਼ੁਰੂ ਕੀਤੇ। ਨੱਥੂ ਸਾਂਸੀ ਗੇਲੂ ਬਾਜ਼ੀਗਰ ਭਾਨਾ ਮਜ਼ਬੀ ਅਤੇ ਮੀਤਾ ਚਮਾਰ। ਇਹਨਾਂ ਵਿਚੋਂ ਕਿਸ ਦੀ ਮਜ਼ਾਲ ਹੈ ਸਾਹਿਬ ਕੋਲ ਸ਼ਿਕਾਇਤ ਤਾਂ ਕੀ ਉਹਦੀ ਕੋਠੀ ਵੀ ਫੜਕ ਜਾਵੇ।

ਅਗਲੇ ਹੀ ਪਲ ਪੰਚਾਇਤ ਇਲੈਕਸ਼ਨਾਂ ਲਈ ਧੂੜਾਂ ਪੁਟਦੀਆਂ ਜੀਪਾਂ ਦੇ ਹਾਰਨ ਉਸਦੇ ਕੰਨਾਂ ਵਿਚ ਗੂੰਝੇ। ਇਹ ਸਾਂਸੀ ਬਾਜ਼ੀਗਰ ਤਾਂ ਹਰ ਪਾਰਟੀ ਦੇ ਵੋਟ ਬੈਂਕ ਹਨ। ਇਹੋ ਜਿਹੇ ਦਿਨਾਂ 'ਚ ਹਰ ਕੋਈ ਇਹਨਾਂ ਦੀਆਂ ਲਾਲਾਂ ਚਟਦੈ। ਇਕ ਨੂੰ ਫੜੋ ਵੀਹ ਲੀਡਰ ਥਾਣੇ ਆ ਟਪਕਦੇ ਨੇ। ਕੀ ਪਤੈ ਕੋਈ ਮੁਫ਼ਤ ਦੀ ਵਾਹਵਾਹ ਖੱਟਣ ਲਈ ਸਾਹਿਬ ਕੋਲ ਪੁੱਜ ਗਿਆ ਹੋਵੇ। ਪੁਲਿਸ

ਜਾਂ ਪਟਵਾਰੀ ਨਾਲ ਟੱਕਰ ਲੈਣਾ ਹੀ "ਖੁੰਢਾਂ ਦੇ ਲੀਡਰਾਂ' ਦਾ ਚੋਣ ਮੈਨੀਫੈਸਟੋ ਹੁੰਦੇ। ਇਹੋ ਜਿਹੇ ਖ਼ਤਰਨਾਕ ਮਾਹੌਲ ਵਿਚ ਕੁੱਟ ਕੁੱਟ ਕੇ ਬੰਦਿਆਂ ਨੂੰ ਥਾਣੇ ਬਹਾਈ ਰੱਖਣਾ ਕਿਥੋਂ ਦੀ ਅਕਲਮੰਦੀ ਸੀ ? ਉਸਨੇ ਝੂਠੀਆਂ ਸਚੀਆਂ ਸੌਂਹਾਂ ਖਵਾਈਆਂ । ਨੱਕ ਨਾਲ ਲਕੀਰਾਂ ਕਢਾਈਆਂ ਅਤੇ ਇਕ ਇਕ ਕਰਕੇ ਸਭ ਤੋਂ ਖਹਿੜਾ ਛੁਡਾ ਲਿਆ।

ਉਹਨਾਂ ਦੀ ਰਿਹਾਈ ਦਰਸ਼ਨ ਹੌਲਦਾਰ ਅਤੇ ਸ਼ਿਵਜੀ ਥਾਣੇਦਾਰ ਦੇ ਸੱਪ ਵਾਂਗ ਲੜ ਗਈ। ਨੱਥੂ ਨੇ ਚਾਰ ਚੋਰੀਆਂ ਮੰਨੀਆਂ ਸਨ, ਗੇਲੂ ਨੇ ਸਰਦਾਰਾਂ ਦਾ ਨਰਮਾ ਚੁਗਿਆ ਸੀ। ਭਾਨੇ ਅਤੇ ਮੀਤੇ ਨੇ ਚਮਾਰਾਂ ਦੀ ਨੂੰਹ ਨਾਲ ਮੂੰਹ ਕਾਲਾ ਕੀਤਾ ਸੀ। ਇਹਨਾਂ ਵਿਚੋਂ ਕਿਸੇ ਦਾ ਵੀ ਵਾਰਿਸ ਉਹਨਾਂ ਦੇ ਮੱਥੇ ਨਹੀਂ ਲੱਗਿਆ। ਛਿੱਤਰ ਪੌਲਾ ਉਹਨਾਂ ਨੇ ਕੀਤਾ। ਤਫ਼ਤੀਸ਼ ਉਹਨਾਂ ਦੀ। ਥਾਣੇਦਾਰ ਨੂੰ ਕੋਈ ਹੱਕ ਨਹੀਂ ਉਹਨਾਂ ਨੂੰ ਬਿਨਾਂ ਪੁੱਛੇ ਉਹ ਮੁਲਜਮਾਂ ਨੂੰ ਛੱਡ ਦੇਵੇ। ਉਹਨਾਂ ਦੀਆਂ ਲਾਲ ਪੀਲੀਆਂ ਅੱਖਾਂ ਦਾ ਬਘੇਲ ਸਿੰਘ ਤੇ ਕੋਈ ਅਸਰ ਨਹੀਂ ਸੀ। ਉਹ ਐਸ. ਐਚ. ਓ. ਸੀ। ਜੋ ਠੀਕ ਸਮਝੇ ਕਰੇ। ਉਸਨੂੰ ਕੌਣ ਰੋਕ ਸਕਦੈ।

ਥਾਣਾ ਖਾਲੀ ਕਰਕੇ ਉਹ ਵਾਇਰਲੈਸ ਸੈਟ ਉਪਰ ਜਾ ਬੈਠਾ। ਸਾਹਿਬ ਦੇ ਸਭ ਠਿਕਾਣਿਆਂ ਤੇ ਤਾਰ ਖੜਕਾਈ। ਨਾ ਉਹ ਦਫ਼ਤਰ ਸਨ ਨਾ ਹੀ ਕੋਠੀ। ਸ਼ਾਇਦ ਕਿਸੇ ਗੁਪਤ ਦੌਰੇ ਤੇ ਨਿਕਲੇ ਸਨ। ਵਫ਼ਾਦਾਰ ਦੋਸਤਾਂ ਰਾਹੀਂ ਬਘੇਲ ਸਿੰਘ ਨੇ ਪੁਛ ਪੜਤਾਲ ਕੀਤੀ। ਕਿਸੇ ਨੂੰ ਵੀ ਉਸ ਖਿਲਾਫ਼ ਕਿਸੇ ਸ਼ਿਕਾਇਤ ਜਾਂ ਅਰਜ਼ੀ ਪੱਤਰ ਦੀ ਸੂਹ ਨਹੀਂ ਸੀ। ਪਰ ਉਸਦੀ ਤਸੱਲੀ ਨਹੀਂ ਸੀ ਹੋਈ। ਪੁਲਿਏ ਮਹਿਕਮਾ ਹੈ। ਸੱਚੀ ਗੱਲ ਆਪਣੇ ਬਾਪ ਨੂੰ ਵੀ ਨਹੀਂ ਦਸਦਾ।

ਪੁੱਛ ਪੜਤਾਲ ਕਰਦਿਆਂ ਕਰਦਿਆਂ ਸ਼ਾਮ ਦੇ ਸੱਤ ਵੱਜ ਗਏ। ਸਾਹਿਬ ਦਾ ਦਫ਼ਤਰ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਸ ਨੇ ਕੋਠੀ ਦੇ ਅਰਦਲੀ ਦੀ ਡਿਊਟੀ ਲਾਈ। ਜਦੋਂ ਵੀ ਸਾਹਿਬ ਕੋਠੀ ਆਵੇ ਉਹ ਤੁਰੰਤ ਵਾਇਰਲੈਸ ਤੇ ਇਤਲਾਹ ਦੇਵੇ।

ਸ਼ੈਲਰ ਵਿਚ ਫ਼ੋਨ ਕੀਤਾ। ਗੱਡੀ ਤਿਆਰ ਸੀ। ਟੈਟ ਫ਼ੈਟ ਹੋ ਕੇ ਉਹ ਅਰਦਲੀ ਦੇ ਸੁਨੇਹੇ ਦੀ ਉਡੀਕ ਕਰਨ ਲੱਗਾ।

ਤਿੰਨ ਦਿਨ ਪਹਿਲਾਂ ਹੀ ਉਹ ਸਾਹਿਬ ਨੂੰ ਮਿਲਕੇ ਆਇਆ ਸੀ। ਬੜਾ ਖੁਸ਼ ਸੀ। ਉਸਦੀ ਤਰੱਕੀ ਦੀਆਂ ਗੱਲਾਂ ਕਰਦਾ ਸੀ। ਹੁਣ ਕਿਹੜਾ ਸੱਪ ਸੁੰਘ ਗਿਆ ਜੋ ਨਰਾਜ਼ ਹੋਇਆ ਬੈਠੈ ? ਉਸਦਾ ਤਫ਼ਤੀਸ਼ੀ ਦਿਮਾਗ ਸਾਹਿਬ ਦੀ ਨਰਾਜ਼ਗੀ ਦੇ ਕਾਰਨ ਲੱਭਣ ਲੱਗਾ।

ਸਾਹਿਬ ਕੋਲ ਸਭ ਤੋਂ ਵੱਧ ਪਹੁੰਚ ਢਾਣੀ ਵਾਲੇ ਭਾਊਆਂ ਦੀ ਹੈ। ਉਹ ਵਜ਼ੀਰ ਸਾਹਿਬ ਦੇ ਖਾਸ ਬੰਦੇ ਹਨ ਤੇ ਪੁਲਿਸ ਮਹਿਕਮਾ ਉਹਨਾਂ ਦੇ ਹੀ ਅਧੀਨ ਹੈ। ਪਹਿਲੇ ਦਿਨ ਹੀ ਉਹਨਾਂ ਦੀ ਸਿਫ਼ਾਰਸ਼ ਸਾਹਿਬ ਰਾਹੀਂ ਅੱਪੜ ਗਈ ਸੀ। ਗੋਲੀ ਕੀਹਦੀ ਅਤੇ ਗਹਿਣੇ ਕੀਹਦੇ। ਵਜ਼ੀਰ ਸਾਹਿਬ ਦੀ ਸਿਫਾਰਸ਼ ਉਸਨੇ ਖਿੜੇ ਮੱਥੇ ਕਬੂਲੀ। ਉਹ ਦਿਨ ਤੇ ਆਹ ਦਿਨ ਬਘੇਲ ਸਿੰਘ ਦੀ ਕੀ ਮਜਾਲ ਉਹ ਭਾਊਆਂ ਨੂੰ ਡੋਡੇ ਵੇਚਣੋਂ ਰੋਕੇ। ਇਕ ਵਾਰ ਭੁੱਲ ਭੁਲੇਖੇ ਸਟਾਫ਼ ਵਾਲਿਆਂ ਨੇ ਭੁੱਕੀ ਦਾ ਟਰੱਕ ਜ਼ਰੂਰ ਫੜ ਲਿਆ ਸੀ। ਵਜ਼ੀਰ ਸਾਹਿਬ ਦਾ ਇਸ਼ਾਰਾ ਮਿਲਦਿਆਂ ਹੀ ਉਹ ਭਰਿਆ ਭਰਾਇਆ ਟਰੱਕ ਖੁਦ ਉਹਨਾਂ ਦੇ ਵਿਹੜੇ ਖੜਾ ਕਰਕੇ ਆਇਆ ਸੀ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਟਰੱਕ ਦੀ ਲੇਬਰ ਦੇ ਦੋ ਭਾਈਆਂ ਤੇ ਦਸ ਦਸ ਕਿਲੋ ਡੋਡਿਆਂ ਦੇ ਕੇਸ ਬਣਾ ਦਿਤੇ ਸਨ। ਉਹ ਵੀ ਭਾਊਆਂ ਦੀ ਰਜ਼ਾਮੰਦੀ ਨਾਲ। ਭਾਈਆਂ ਦਾ ਕੀ ਐ ਇਕ ਇੱਟ ਚੁੱਕੋ ਸੌ ਨਿਕਲਦੇ ਨੇ। ਉਹਨਾਂ ਦੀ ਛੁੱਟੀ ਕਰਕੇ ਉਨ੍ਹਾਂ ਹੋਰ ਰੱਖ ਲਏ। ਉਸ ਤੋਂ ਬਾਅਦ 'ਸਭ ਅੱਛਾ' ਸੀ। ਮੁੜ ਕਦੇ ਉਸਨੇ ਭਾਊਆਂ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿਤਾ। ਕਬੂਤਰ ਵਾਂਗ ਅੱਖਾਂ ਮੀਟੀ ਰੱਖੀਆਂ। ਨਹੀਂ ਤਾਂ ਜਿਸ ਹਿਸਾਬ ਨਾਲ ਡੋਡੇ ਵਿਕਦੇ ਸਨ ਉਸਦਾ ਦਸ ਹਜ਼ਾਰ ਰੁਪਏ ਦਾ ਮਹੀਨਾ ਵੱਟ ਤੇ ਸੀ। ਭਾਊਆਂ ਨੂੰ ਉਸ ਵਰਗਾ ਥਾਣੇਦਾਰ ਨਹੀਂ ਮਿਲ ਸਕਦਾ। ਨਾਲੇ ਹਾਲੇ ਰਾਤੀਂ ਤਾਂ ਉਹ ਹਮ ਪਿਆਲਾ ਹੋ ਕੇ ਗਏ ਨੇ। ਇਹ ਭਾਊਆਂ ਦਾ ਕੰਮ ਨਹੀਂ।

ਤਾਂ ਹੋ ਸਕਦੈ ਜਥੇਦਾਰ ਗਿਆ ਹੋਵੇ। ਆਨੇ ਬਹਾਨੇ ਅਫ਼ਸਰਾਂ ਦੀ ਕੋਠੀ ਗੇੜਾ ਮਾਰਨਾ ਲੀਡਰਾਂ ਦਾ ਕੰਮ ਹੁੰਦੈ। ਅਖੇ ਹੇਠਲੇ ਮੁਲਾਜ਼ਮਾਂ ਤੇ ਰੋਹਬ ਰਹਿੰਦੈ। ਕੋਈ ਹੋਰ ਕੰਮ ਨਾ ਨਿਕਲਿਆ ਤਾਂ ਕਿਸੇ ਨਾ ਕਿਸੇ ਦੀ ਸ਼ਿਕਾਇਤ ਹੀ ਕਰ ਦਿਉ। ਆਪਣੇ ਵਲੋਂ ਉਸਨੇ ਜਥੇਦਾਰ ਨੂੰ ਵੀ ਕਦੇ ਸ਼ਿਕਾਇਤ ਦਾ ਮੌਕਾ ਨਹੀਂ ਦਿਤਾ। ਜਥੇਦਾਰ ਨੇ ਦੂਰੋਂ ਨੇੜੇ ਦੇ ਕਿਸੇ ਰਿਸ਼ਤੇਦਾਰ ਦੀ ਸਿਫ਼ਾਰਸ਼ ਕੀਤੀ, ਝੱਟ ਉਸਨੇ ਉਸ ਸਿਪਾਹੀ ਨੂੰ ਨਾਇਬ ਕੋਰਟ ਲਾ ਦਿਤਾ। ਪੰਜੀ ਰੁਪਏ ਰੋਜ਼ ਦਾ ਟੀ. ਏ,; ਡੀ. ਏ.। ਉਤਲਾ ਠਾਹ ਠੱਪਾ ਅੱਡ। ਕੋਈ ਪਹਿਰਾ ਨਹੀਂ। ਕੋਈ ਭੱਜ ਨੱਠ ਨਹੀਂ। ਛੁੱਟੀ ਨਾਲ ਛੁੱਟੀ। ਉਸ ਨਿਕੰਮੇ ਤੋਂ ਜੇ ਇਹ ਸਭ ਕੁਝ ਸੰਭਾਲਿਆ ਨਾ ਗਿਆ ਤਾਂ ਉਸਦਾ ਕੀ ਕਸੂਰ ? ਭਲਾ ਮਾਣਸ ਜੱਜ ਦੇ ਨਾਂ ਤੇ ਹੀ ਪੈਸੇ ਖਾਣ ਲੱਗਾ। ਅਫ਼ਸਰਾਂ ਦਾ ਹੁਕਮ ਵਜਾ ਕੇ ਉਸਨੇ ਇਕ ਦਿਨ ਹੀ ਸਿਪਾਹੀ ਨੂੰ ਪਹਿਰੇ ਤੇ ਖੜਾਇਆ ਸੀ ਕਿ ਜਥੇਦਾਰ ਨੇ ਗੇੜੇ ਤੇ ਗੇੜਾ ਬੰਨ੍ਹ

ਦਿਤਾ। ਰੂਲਿੰਗ ਪਾਰਟੀ 'ਚ ਜਥੇਦਾਰ ਦੀ ਪੋਜੀਸ਼ਨ ਦੇਖਦਿਆਂ ਉਸਨੇ ਅਫ਼ਸਰਾਂ ਦੀ ਨਰਾਜ਼ਗੀ ਤਾਂ ਮੁੱਲ ਲੈ ਲਈ ਪਰ ਜਥੇਦਾਰ ਨੂੰ ਨਰਾਜ਼ ਨਹੀਂ ਕੀਤਾ। ਬੇਸ਼ਰਮੀ ਦਾ ਮਾਰਿਆ ਮੁੜ ਉਹ ਜੱਜ ਦੇ ਮੱਥੇ ਨਹੀਂ ਲੱਗ ਸਕਿਆ। ਅਗਲਾ ਕੁਰਸੀ ਤੇ ਬੈਠਾ ਧੜਾ ਧੜ ਉਸਦੇ ਖਿਲਾਫ਼ ਲਿਖੀ ਜਾ ਰਿਹੈ। ਜੇ ਫੇਰ ਵੀ ਜਥੇਦਾਰ ਨਰਾਜ਼ ਹੈ ਤਾਂ ਉਸਦੀ ਮਰਜ਼ੀ।

ਜਥੇਦਾਰ ਤਾਂ ਪਾਕਿਸਤਾਨ ਗਿਆ ਹੋਇਆ। ਪਿਛਲੇ ਹਫ਼ਤੇ ਉਸਦਾ ਭਰਾ ਵਗਾਰ 'ਚ ਡੋਡਿਆਂ ਦੀਆਂ ਬੋਰੀਆਂ ਲੈਣ ਆਇਆ ਉਸਨੂੰ ਦਸਕੇ ਤਾਂ ਗਿਆ ਸੀ। ਜਦੋਂ ਦਾ ਨਵਾਂ ਕਾਨੂੰਨ ਬਣਿਐ ਅਫ਼ੀਮ ਡੋਡਿਆਂ ਦੇ ਭਾਅ ਅਸਮਾਨੀ ਜਾ ਲਗੇ ਨੇ। ਸੀਰੀਆਂ ਪਾਲੀਆਂ ਦਾ ਇਹਨਾਂ ਬਿਨਾਂ ਸਰਦਾ ਨਹੀਂ। ਸਾਹਿਬ ਨੂੰ ਸਲੂਟ ਉਹ ਜਥੇਦਾਰ ਦੇ ਜਾਣ ਤੋਂ ਬਾਅਦ ਹੀ ਤਾਂ ਮਾਰ ਕੇ ਆਇਐ।

ਉਸਨੂੰ ਜੱਜ ਦੀ ਨਿਰਾਜ਼ਗੀ ਦਾ ਵੀ ਘੱਟ ਫ਼ਿਕਰ ਨਹੀਂ ਸੀ। ਇਕੱਲਾ ਬਘੇਲ ਸਿੰਘ ਕੀ ਕਰੇ। ਹੜਤਾਲ ਨੇ ਉਸਦੀ ਭੂਤਨੀ ਭੁਲਾ ਰੱਖੀ ਹੈ। ਵਜ਼ੀਰ ਦੇ ਦੌਰੇ 'ਚ ਉਹ ਇਨਾ ਉਲਝ ਗਿਆ ਕਿ ਮੀਟਿੰਗ ਤੇ ਜਾਣ ਲਈ ਜੱਜ ਨੂੰ ਕਾਰ ਵੀ ਨਾ ਘੱਲ ਸਕਿਆ। ਉਹਦੀ ਸਾਹਿਬ ਨਾਲ ਯਾਰੀ ਹੈ। ਕਦੇ ਇਕੱਠੇ ਟਰੇਨਿੰਗ ਕਰਦੇ ਰਹੇ ਨੇ। ਕਦੇ ਉਹੋ ਨਾ ਸਾਹਿਬ ਦੇ ਕੰਨ 'ਚ ਫੂਕ ਮਾਰ ਆਇਆ ਹੋਵੇ। ਉਹ ਜੱਜ ਨੂੰ ਕਿਵੇਂ ਸਮਝਾਵੇ। ਵਗਾਰਾਂ ਕਰਨ ਵਾਲਾ ਉਹ ਇਕੱਲਾ ਹੈ ਪਾਉਣ ਵਾਲੇ ਵੀਹ। ਫੇਰ ਹੱਥਾਂ ਤੇ ਸਰ੍ਹੋਂ ਜਮਾ ਦਿੰਦੇ ਨੇ। ਸਾਰਾ ਅੱਧਾ ਘੰਟਾ ਪਹਿਲਾਂ ਤਾਂ ਸੁਨੇਹਾ ਮਿਲਿਆ ਸੀ। ਸੁਨੇਹਾ ਮਿਲਦਿਆਂ ਹੀ ਉਸਨੇ ਸਾਰੇ ਸਟਾਫ਼ ਨੂੰ ਗੱਡੀਆਂ ਫੜਨ ਭੇਜ ਦਿਤਾ। ਉਸਨੂੰ ਕੁਰਸੀ ਤੇ ਬੈਠੇ ਨੂੰ ਕੀ ਪਤੈ ਸਿਪਾਹੀ ਦਾ ਮੂੰਹ ਟੈਕਸੀ ਸਟੈਂਡ ਵਲ ਹੁੰਦਿਆਂ ਹੀ ਸਟੈਂਡ ਖਾਲੀ ਹੋ ਜਾਂਦੇ। ਵਗਾਰਾਂ ਕਰਦੇ ਕਰਦੇ ਸਭ ਹੰਭੇ ਪਏ ਨੇ। ਪੁਲਿਸ ਮਹਿਕਮਾ ਕਿਹੜਾ ਇਹਨਾਂ ਨਾਲ ਲਿਹਾਜ਼ ਕਰਦੈ। ਜਦੋਂ ਤਾਂ ਕੋਈ ਫਸ ਜਾਏ ਫੀਸ ਲਏ ਬਿਨਾਂ ਕੋਈ ਨਹੀਂ ਛਡਦਾ। ਇਕ ਦਿਨ ਲਈ ਗਿਆ ਅਫ਼ਸਰ ਤਿੰਨ ਦਿਨ ਮੁੜਦਾ ਨਹੀਂ। ਹਾਲੇ ਤਾਂ ਟਰੱਕਾਂ ਵਾਲਿਆਂ ਦਾ ਸਿਆਪਾ ਹੀ ਨਹੀਂ ਸੀ ਮੁਕਿਆ। ਟੈਕਸੀ ਵਾਲਿਆਂ ਨਾਲ ਪੰਗਾ ਲੈ ਕੇ ਉਸਨੇ ਲਾਈਨ ਹਾਜ਼ਰ ਤਾਂ ਨਹੀਂ ਸੀ ਹੋਣਾ। ਸਾਰੇ ਸ਼ੈਲਰਾਂ ਅਤੇ ਫੈਕਟਰੀਆਂ ਵਿਚ ਫ਼ੋਨ ਖੜਕਾ ਲਿਆ ਸੀ। ਸਾਰੇ ਮੁੱਖ ਮੰਤਰੀ ਨੂੰ ਮਿਲਨ ਲਈ ਡੈਪੂਟੇਸ਼ਨ ਗਏ ਸਨ। ਇਹੋ ਜਿਹੇ ਹਲਾਤਾਂ ਵਿਚ ਜੇ ਉਹ ਗੱਡੀ ਨਹੀਂ ਘੱਲ ਸਕਿਆ ਤਾਂ ਉਸਦਾ ਕੀ ਕਸੂਰ!

ਜਿਹੜਾ ਅਹਿਸਾਨ ਬਘੇਲ ਸਿੰਘ ਨੇ ਜੱਜ ਤੇ ਕੀਤੈ ਉਹ ਏਨੀ ਜਲਦੀ ਭੁੱਲਣ ਵਾਲਾ ਤਾਂ ਨਹੀਂ। ਝੋਟੇ ਦੇ ਸਿਰ ਵਰਗੀ ਪੰਦਰਾਂ ਕਿਲੇ ਜ਼ਮੀਨ ਤੇ ਜੱਜ ਦੇ ਰਿਸ਼ਤੇਦਾਰਾਂ ਦਾ ਕਬਜ਼ਾ ਉਹ ਹੀ ਕਰਾ ਗਿਆ। ਕੋਈ ਹੋਰ ਹੁੰਦਾ ਵੀਹ ਵੀਹ ਹਜ਼ਾਰ ਲੈ ਕੇ ਦੜ ਵੱਟ ਜਾਂਦਾ। ਪਰ ਉਸਨੇ ਆਪਣੇ ਰਸੂਖ ਨਾਲ ਤਿੰਨ ਟੋਲੀਆਂ ਬਦਮਾਸ਼ਾ ਦੀਆਂ ਬਾਹਰੋਂ ਮੰਗਵਾਈਆਂ। ਚਾਰ ਵਾਰ ਫ਼ਾਇਰਿੰਗ ਕੀਤੀ। ਭੁੱਖੇ ਭਾਣਿਆਂ ਨੇ ਪੰਦਰਾਂ ਦਿਨ ਖੇਤ 'ਚ ਤੰਬੂ ਗੱਡੀ ਰੱਖੇ। ਹੁਣ ਲੱਖਾਂ ਰੁਪਏ ਦੀ ਫ਼ਸਲ ਹੁੰਦੀ ਹੈ। ਉਸਨੇ ਕਦੇ ਬੋਰੀ ਕਣਕ ਦੀ ਲੰਗਰ ਲਈ ਵੀ ਨਹੀਂ ਮੰਗੀ। ਉਸ ਸਮੇਂ ਤਾਂ ਸਾਰੀ ਉਮਰ ਕੰਮ ਆਉਣ ਦੇ ਵਾਅਦੇ ਕਰਦਾ ਸੀ। ਉਂਝ ਆਇਆ ਵੀ। ਜਿਸਦਾ ਜੀਅ ਕਰਿਆ ਪੁਲਿਸ ਰਿਮਾਂਡ ਲੈ ਆਂਦਾ। ਜਿਸ ਤੇ ਦਿਲ ਆਇਆ ਜ਼ਮਾਨਤ ਕਰਾ ਦਿਤੀ। ਸਾਰੇ ਅਖ-ਤਿਆਰ ਬਘੇਲ ਸਿੰਘ ਨੂੰ ਦੇਣ ਵਾਲਾ ਜੱਜ ਮਾੜੀ ਜਿਹੀ ਗੱਲ ਤੇ ਉਸਦੀ ਸ਼ਿਕਾਇਤ ਨਹੀਂ ਕਰ ਸਕਦਾ।

ਸਾਹਿਬ ਦੇ ਅਰਦਲੀ ਦਾ ਕੋਈ ਮੈਸਿਜ਼ ਨਹੀਂ ਸੀ ਆਇਆ। ਥਾਣੇ ਦਾ ਲਾਂਗਰੀ ਸੁਨੇਹੇ ਤੇ ਸੁਨੇਹਾ ਘੱਲ ਰਿਹਾ ਸੀ। ਖਾਣਾ ਖਾਣ ਵਾਲਾ ਇਕੱਲਾ ਬਘੇਲ ਸਿੰਘ ਹੀ ਰਹਿੰਦਾ ਸੀ। ਬਘੇਲ ਸਿੰਘ ਦੁਬਿੱਧਾ ਵਿਚ ਸੀ। ਰੋਟੀ ਖਾਣ ਤੋਂ ਪਹਿਲਾਂ ਇਕ ਦੋ ਪੈਗ ਮਾਰਨੇ ਜ਼ਰੂਰੀ ਸਨ ਜੇ ਉਸਨੇ ਘੁੱਟ ਪੀ ਲਈ ਤਾਂ ਸਾਹਿਬ ਦੇ ਕਿਵੇਂ ਪੇਸ਼ ਹੋਏਗਾ?

ਘੜੀ ਦੇਖੀ ਨੌਂ ਵਜ ਗਏ ਸਨ · ਘੰਟੇ ਦਾ ਸਫ਼ਰ। ਰਾਤ ਦੇ ਦਸ ਵਜੇ ਸਾਹਿਬ ਦੀ ਕੋਠੀ ਜਾਣ ਦੀ ਕੋਈ ਤੁਕ ਨਹੀਂ ਸੀ।

ਕੁਰਸੀ ਛੱਡ ਕੇ ਉਸਨੇ ਥਾਣੇ ਦਾ ਰਾਊਂਡ ਲਾਇਆ। ਚਾਰੇ ਪਾਸੇ ਭਾਂਅ ਭਾਂਅ ਹੋ ਰਹੀ ਸੀ। ਹਵਾਲਾਤ ਤੇ ਬੈਰਕਾਂ ਸਭ ਖਾਲੀ ਸਨ।

ਦਰਵਾਜ਼ੇ ਅਗੇ ਖੜਾ ਸੰਤਰੀ ਊਂਘ ਰਿਹਾ ਸੀ।

ਚਾਹ ਦੇ ਦੋ ਕੱਪਾਂ ਤੋਂ ਬਿਨਾਂ ਉਸਨੂੰ ਸਵੇਰ ਦਾ ਕੁਝ ਵੀ ਨਸੀਬ ਨਹੀ ਸੀ ਹੋਇਆ। ਫੇਰ ਵੀ ਭੁੱਖ ਕੋਸਾਂ ਦੂਰ ਸੀ। ਲਾਂਗਰੀ ਨੂੰ ਖਾਣਾ ਕੁਆਟਰ ਪਹੁੰਚਾਣ ਦਾ ਹੁਕਮ ਸੁਣਾ ਕੇ ਉਹ ਕੁਆਟਰ ਵਲ ਤੁਰ ਪਿਆ। ਜਦੋਂ ਭੁੱਖ ਚਮਕੇਗੀ, ਆਪੇ ਖਾ ਲਏਗਾ।

ਜਗਦੇਵ ਦੇ ਕੁਆਟਰ ਤੇ ਲਟਕਦਾ ਸੇਰ ਦਾ ਜਿੰਦਾ ਦੇਖ ਕੇ ਉਸਦਾ ਦਿਲ ਇਕ ਵਾਰ ਫੇਰ ਧੜਕਿਆ। ਜਿਸ ਦਿਨ ਤੋਂ ਉਸਨੇ ਜਗਦੇਵ ਦੇ ਖਿਲਾਫ਼ ਰੋਜ਼ਨਾਮਚੇ 'ਚ ਰਪਟ ਲਿਖੀ ਸੀ ਉਸੇ ਦਿਨ ਤੋਂ ਉਹ ਉਖੜਿਆ ਉਖੜਿਆ ਰਹਿੰਦਾ ਸੀ। ਉਹ ਖ਼ੁਦ ਕਿਹੜਾ ਖੁਸ਼ ਹੋਇਆ ਸੀ। ਸਾਰੀ ਉਮਰ 'ਚ ਉਸਨੇ ਕਦੇ ਕਿਸੇ ਦੇ ਖਿਲਾਫ਼

ਇਕ ਅੱਖਰ ਨਹੀਂ ਸੀ ਲਿਖਿਆ। ਇਸ ਵਾਰ ਉਸਦੀ ਮਜਬੂਰੀ ਸੀ। ਕੋਈ ਉਸਦੇ ਨਾਂ ਤੇ ਪੰਜ ਚਾਰ ਸੌ ਖਾ ਲਵੇ ਤਾਂ ਚਲੋ ਖਾ ਲਵੇ। ਪੰਦਰਾਂ ਹਜ਼ਾਰ ਤਾਂ ਬਰਦਾਸ਼ਤ ਨਹੀਂ ਹੁੰਦੇ। ਭਲੇ ਮਾਣਸ ਨੇ ਇਕ ਕਤਲ ਦੇ ਕੇਸ 'ਚ ਪੂਰੇ ਵੀਹ ਹਜ਼ਾਰ ਲੈ ਕੇ ਪੰਜ ਹੀ ਉਸਦੇ ਪਲੇ ਪਾਇਆ। ਮਰਨ ਵਾਲਾ ਗਰੀਬੜਾ ਜਿਹਾ ਸੀ ਇਹ ਸੋਚ ਕੇ ਉਸਨੇ ਪੰਜ ਹੀ ਕਬੂਲ ਕਰ ਲਿਆ। ਨਾਲੇ ਉਹਨਾਂ ਦਾ ਘਰ ਮੁਲਜ਼ਮ ਪਾਰਟੀ ਤੋਂ ਪੂਰਾ ਹੋ ਗਿਆ ਸੀ। ਮੁਦਈ ਦਾ ਦਿਲ ਟਿਕਾਉਣ ਲਈ ਉਸਨੇ ਪੰਜ ਹਜ਼ਾਰ ਲਈ ਹੀ ਹਾਂ ਕਰ ਦਿਤੀ ਸੀ। ਚੋਰੀ ਯਾਰੀ ਵਾਂਗ ਰਿਸ਼ਵਤ ਵੀ ਨਹੀਂ ਛੁਪਦੀ ਹੁੰਦੀ। ਤੁਰਦੀ ਤੁਰਦੀ ਗੱਲ ਉਸ ਤੱਕ ਅਪੜ ਗਈ। ਜੇ ਜਗਦੇਵ ਦੇ ਖਿਲਾਫ਼ ਨਾ ਲਿਖਦਾ ਤਾਂ ਹੋਰ ਕੀ ਕਰਦਾ ? ਕੱਲ੍ਹ ਨੂੰ ਕਿਸੇ ਹੋਰ ਨੂੰ ਮੂੰਹ ਪੈਂਦਾ।

ਡੀ. ਐਸ. ਪੀ. ਦੇ ਵਿਚ ਪੈਣ ਨਾਲ ਗੱਲ ਆਈ ਗਈ ਹੋ ਗਈ ਸੀ। ਸ਼ਰਾਬ ਦੇ ਠੇਕੇਦਾਰਾਂ ਤੋਂ ਮਿਲਣ ਵਾਲੇ 'ਮਹੀਨੇ' ਵਿਚੋਂ ਉਸਦਾ ਹਿੱਸਾ ਬੰਦ। ਹੌਲੀ ਹੌਲੀ ਬਘੇਲ ਸਿੰਘ ਦੇ ਪੈਸੇ ਪੂਰੇ ਹੋ ਜਾਣੇ ਸਨ। ਉਸਦੇ ਮਨ ਦੀ ਮੈਲ ਸ਼ਾਇਦ ਧੋਤੀ ਨਹੀਂ ਸੀ ਗਈ। ਕੱਲ੍ਹ ਦਾ ਗੈਰ ਹਾਜ਼ਰ ਸੀ। ਜ਼ਰੂਰ ਉਸਨੇ ਕੰਡੇ ਬੀਜੇ ਹੋਣਗੇ।

ਨਾਲੇ ਚੋਰ ਨਾਲੇ ਚਤਰਾਈ ? ਡਿਪਟੀ ਤੋਂ ਉਪਰ ਦੀ ਅਹ ਸਾਹਿਬ ਕੋਲ ਜਾਣ ਦੀ ਹਿੰਮਤ ਨਹੀਂ ਕਰ ਸਕਦਾ।

ਫੇਰ ਹੋਰ ਕਿਹੜੀ ਆਫ਼ਤ ਆ ਪਈ ਬਈ ਸਾਹਿਬ ਨੂੰ ਉਸਦੇ ਦਰਸ਼ਨ ਦੀ ਲੋੜ ਪੈ ਗਈ ?

"ਚਲੋ ਜੋ ਹੋਊ ਦੇਖੀ ਜਾਊ। ਪੁਲਿਸ ਦੀ ਨੌਕਰੀ ਹੈ। ਬੋਰੀਆ ਬਿਸਤਰਾ ਗੋਲ ਹੀ ਰਹਿੰਦੈ। ਜਦੋਂ ਹੁਕਮ ਹੋਇਆ ਚੁੱਕ ਕੇ ਅਗਲੀ ਥਾਂ। ਵਧੋ ਵਧ ਲਾਈਨ ਹਾਜ਼ਰ ਹੀ ਕਰ ਦਿਊ। ਮੂੰਹ 'ਚ ਤਾਂ ਨੀ ਪਾ ਲਊ।"

ਸੋਚਦਿਆਂ ਬਘੇਲ ਸਿੰਘ ਨੇ ਮਨ ਨੂੰ ਤਸੱਲੀ ਦਿੱਤੀ ਅਤੇ ਵਰਦੀ ਲਾਹ ਕੇ ਕਿੱਲੀ ਤੇ ਟੰਗ ਦਿਤੀ।

ਲਾਂਗਰੀ ਤਾਜ਼ੇ ਪਾਣੀ ਦਾ ਜੱਗ, ਨਮਕੀਨ ਅਤੇ ਗਲਾਸ ਮੇਜ਼ ਉਪਰ ਸਜਾ ਗਿਆ।

ਬਘੇਲ ਸਿੰਘ ਨੇ ਪਹਿਲੇ ਤੋੜ ਦੀ ਸ਼ਰਾਬ ਦਾ ਇਕ ਵੱਡਾ ਸਾਰਾ ਪੈਗ ਅੰਦਰ ਸੁਟਿਆ। ਫ਼ਿਕਰਾਂ ਤੋਂ ਖਹਿੜਾ ਛਡਾਉਣ ਲਈ ਉਹ ਆਪਣੇ ਸ਼ਾਨਦਾਰ ਅਤੀਤ ਵੱਲ ਝਾਕਨ ਲੱਗਾ।

ਉਹਨਾਂ ਦੇ ਘਰ ਭੰਗ ਭੁਜਦੀ ਸੀ ਜਦੋਂ ਉਹ ਸਿਪਾਹੀ ਭਰਤੀ ਹੋਇਆ ਸੀ। ਤਰਕੀ ਕਰਦਾ ਕਰਦਾ ਉਹ ਥਾਣੇਦਾਰ ਬਣਿਆ। ਥਾਣੇਦਾਰ ਵੀ ਕੋਈ ਲਲੂ ਪਲੂ ਨਹੀਂ, ਪੂਰਾ ਮਨਿਆ ਪਰਵਨਿਆ ਥਾਣੇਦਾਰ। ਆਪਣੀ ਦਲੇਰੀ ਦੇ ਸਿਰ ਤੇ ਉਸਨੇ ਵਧੀਆ ਤੋਂ ਵਧੀਆ ਥਾਣੇ ਕੱਟੇ। ਪੈਸੇ ਮੀਂਹ ਵਾਂਗ ਵਰਸਦੇ ਰਹੇ। ਕਿਹੜਾ ਦਿਨ ਸੀ ਜਿਸ ਦਿਨ ਉਸਨੇ ਪੰਜ ਚਾਰ ਹਜ਼ਾਰ ਦੇ ਨੋਟ ਬੋਝੇ ਵਿਚ ਨਹੀਂ ਪਾਏ। ਉਸਨੇ ਤੰਗੀ ਤੁਰਸ਼ੀ ਦੇ ਦਿਨ ਦੇਖੇ ਸਨ ਇਸ ਲਈ ਬਾਕੀ ਥਾਣੇਦਾਰਾਂ ਵਾਂਗ ਪੈਸੇ ਬੋਤਲਾਂ ਵਾਂਗ ਪਿਛੇ ਨਹੀਂ ਗਵਾਏ। ਇਕ ਇਕ ਕਰਕੇ ਤੀਹ ਕੀਲਿਆਂ ਦਾ ਫ਼ਾਰਮ ਬਣਾਇਆ। ਵਿਚ ਦੋ ਮੋਟਰਾਂ ਫ਼ਿੱਟ ਕਰਾਈਆਂ। ਕੁੜੀ ਕੈਨੇਡਾ ਵਿਆਹੀ ਗਈ। ਮੁੰਡਾ ਸਿਪਾਹੀ ਭਰਤੀ ਹੋ ਗਿਆ। ਆਪੇ ਹੌਲੀ ਹੌਲੀ ਥਾਣੇਦਾਰ ਬਣ ਜਾਊ। ਸਾਰੇ ਪਿੰਡ ਵਿਚ ਉਹਦੀ ਬਲੇ ਬਲੇ ਹੈ। ਸਾਰੀ ਉਮਰ ਵੇਹਲਾ ਬੈਠਾ ਰਹੇ ਤਾਂ ਵੀ ਖਾਧਾ ਪੀਤਾ ਨਈਂ ਮੁਕਦਾ।

ਪੈਸਿਆਂ ਦਾ ਖਿਆਲ ਆਉਂਦਿਆਂ ਹੀ ਉਸਦਾ ਧਿਆਨ ਵਿਸਾਖੇ ਵਲੋਂ ਕਾਗਜ਼ 'ਚ ਲਪੇਟ ਕੇ ਫੜਾਏ ਪੰਜ ਹਜ਼ਾਰ ਦੇ ਬੰਡਲ ਵੱਲ ਚਲਾ ਗਿਆ। ਉਸਨੇ ਪੈਂਟ ਵਿਚੋਂ ਬੰਡਲ ਕੱਢਿਆ ਤੇ ਨੋਟ ਗਿਣਨੇ ਸ਼ੁਰੂ ਕੀਤੇ। ਉਸ ਕੰਜਰ ਦਾ ਕੀ ਐ ਪੰਜ ਚਾਰ ਨੋਟ ਘੱਟ ਪਾ ਦੇਵੇ। ਪਿਛੋਂ ਦੰਦ ਕੱਢ ਕੇ 'ਹੀ ਹੀ' ਹੀ ਕਰਨੀ ਹੈ। ਪਰ ਨਹੀਂ। ਨੋਟ ਪੂਰੇ ਸਨ। ਥੱਬਾ ਨੋਟਾਂ ਦਾ ਦੇਖਕੇ ਉਸਦਾ ਚਿਹਰਾ ਗੁਲਾਬ ਵਾਂਗ ਖਿਲ ਉਠਿਆ। ਕਿੰਨੇ ਹੀ ਦਿਨਾਂ ਬਾਅਦ ਉਸਨੇ ਪੈਸਿਆਂ ਦਾ ਮੂੰਹ ਦੇਖਿਆ ਸੀ। ਨਹੀਂ ਤਾਂ ਜਦੋਂ ਦੀ ਹੜਤਾਲ ਸ਼ੁਰੂ ਹੋਈ ਸੀ ਲਗੋ ਲਗ ਹੀ ਸੀ।

ਹੜਤਾਲ ਅਤੇ ਫੇਰ ਸਾਹਿਬ ਦਾ ਖਿਆਲ ਆਉਂਦਿਆਂ ਹੀ ਉਸਦਾ ਸੁਆਦ ਕਿਰਕਿਰਾ ਹੋ ਗਿਆ। ਕਿਧਰੇ ਇਸ ਕੇਸ ਵਾਲੇ...। ਉਸਨੂੰ ਯਕੀਨ ਸੀ ਉਸਨੇ ਇਸ ਕੇਸ ਵਿਚ ਪੈਸੇ ਲੈ ਕੇ ਕੋਈ ਗਲਤੀ ਨਹੀਂ ਕੀਤੀ। ਸੀਰੀ ਅਤੇ ਜ਼ਿਮੀਂਦਾਰ ਦੋਹਾਂ ਨੇ ਰਲਕੇ ਭੱਠੀ ਲਾਈ ਸੀ। ਪਰਚਾ ਭਾਵੇਂ ਇਕੱਲੇ ਸੀਰੀ ਤੇ ਦਿਤੈ ਜ਼ਿਮੀਂਦਾਰ ਨੂੰ ਛੱਡਿਆ ਤਾਂ ਨਹੀਂ। ਉਸਨੂੰ ਸਾਰੀ ਗੱਲ ਸਮਝਾਈ ਹੋਈ ਹੈ। ਦੋ ਚਾਰ ਦਿਨਾਂ ਵਿਚ ਗੱਲ ਆਈ ਗਈ ਹੋ ਜੂ ਫੇਰ ਉਹ ਆਪਣੇ ਘਰ ਅਤੇ ਬਘੇਲ ਸਿੰਘ ਆਪਣੇ। ਬਘੇਲ ਸਿੰਘ ਨੇ ਦਿਲ ਖੋਲ੍ਹ ਕੇ ਉਸਦੇ ਫ਼ਿਦੇ ਕੀਤੇ ਨੇ। ਜੇ ਛੋਟਾ ਮੋਟਾ ਕੇਸ ਵੀ ਬਣਾ ਦਿੰਦਾ ਨਾਲੇ ਉਸਦਾ ਲਾਈਸੈਂਸ ਜਾਂਦਾ ਨਾਲੇ ਨੰਬਰਦਾਰੀ ਖੁੱਸ ਜਾਂਦੀ। ਸਰਪੰਚੀ ਦੇ ਸੁਪਨੇ ਲੈਂਦਾ ਲੈਂਦਾ ਜੇਲ੍ਹ ਦੀ ਹਵਾ ਖਾਣ ਲੱਗਦਾ। ਸੀਰੀ ਨੂੰ ਵੀ ਕੀ ਨੁਕਸਾਨ ਹੋਇਐ ? ਉਸਨੂੰ ਬਘੇਲ ਸਿੰਘ ਨੇ ਛੋਟੀ ਭੱਠੀ ਦਾ ਲਾਰਾ ਲਾਇਆ ਹੋਇਐ। ਵਕੀਲ ਦੀ ਫੀਸ ਜ਼ਿਮੀਂਦਾਰ ਤੋਂ ਦਵਾ ਦਿਤੀ। ਥੋੜਾ ਮੋਟਾ ਖਰਚਾ ਵੀ ਦਿਵਾ ਦਿਤਾ। ਉਸ ਵਕਤ ਤਾਂ ਚੌੜਾ ਹੋ ਕੇ ਭੱਠੀ ਦਾ ਮਾਲਕ ਬਣਿਆ

ਬੈਠਾ ਸੀ। ਪਰ ਇਹ ਗੱਲ ਤਾਂ ਚਾਰ ਕੁ ਵਜੇ ਸਿਰੇ ਚੜ੍ਹੀ ਸੀ। ਫ਼ੋਨ ਆਇਆ ਕੋਈ ਦੋ ਢਾਈ ਵਜੇ। ਉਸ ਸਮੇਂ ਤਾਂ ਇਸ ਕੇਸ ਦਾ ਨਾਂ ਨਿਸ਼ਾਨ ਵੀ ਨਹੀਂ ਸੀ।

ਧਿਆਨ ਉਸੇ ਪਾਸੇ ਮੁੜ ਜਾਣ ਤੇ ਬਘੇਲ ਸਿੰਘ ਨੇ ਦੋ ਚਾਰ ਕਰਾਰੀਆਂ ਕਰਾਰੀਆਂ ਗਾਲਾਂ ਆਪਣੇ ਕਮਜ਼ੋਰ ਮਨ ਨੂੰ ਕੱਢੀਆਂ। ਝੋਟੇਕੁਟ ਅਖਵਾਉਣ ਵਾਲਾ ਥਾਣੇਦਾਰ ਫ਼ੋਨ ਤੋਂ ਹੀ ਡਰੀ ਜਾ ਰਿਹੈ। ਵੱਡੇ ਵੱਡੇ ਸਮਗਲਰਾਂ ਅਤੇ ਬਦਮਾਸ਼ਾਂ ਦਾ ਬੀਜ ਨਾਸ ਕਰਕੇ ਹੌਲਦਾਰੀਆਂ ਅਤੇ ਥਾਣੇਦਾਰੀਆਂ ਲੈਣ ਵਾਲਾ ਬਘੇਲ ਸਿੰਘ ਚਮਾਰਾਂ, ਜਥੇਦਾਰਾਂ ਅਤੇ ਹੌਲਦਾਰਾਂ ਦੀ ਧੌਂਸ ਵੀ ਨਹੀਂ ਝੱਲ ਸਕਦਾ।

ਇਕ ਹੋਰ ਵੱਡਾ ਸਾਰਾ ਪੈਗ ਅੰਦਰ ਸੁੱਟਿਆ। ਰੋਟੀ ਦੀਆਂ ਦੋ ਕੁ ਬੁਰਕੀਆਂ ਮਲੋ ਮਲੀ ਅੰਦਰ ਧੱਕ ਕੇ ਉਹ ਬਿਸਤਰੇ ਵਿਚ ਜਾ ਘੁਸਿਆ।

ਸੋਚਾਂ ਦੇ ਘੋੜਿਆਂ ਨੂੰ ਚੜ੍ਹਦੀ ਕਲਾ ਵੱਲ ਦੜਾਉਂਦਾ ਉਹ ਸੌਣ ਦੇ ਯਤਨ ਕਰਨ ਲੱਗਾ।

ਇਕ ਦੋ ਵਾਰ ਅੱਖ ਝਪਕੀ। ਕਦੇ ਉਹ ਸਾਹਿਬ ਦੇ ਪੇਸ਼ ਹੋ ਰਿਹਾ ਹੁੰਦਾ। ਕਦੇ ਜਥੇਦਾਰ ਦੀਆਂ ਮਿੰਨਤਾਂ ਕਰ ਰਿਹਾ ਹੁੰਦਾ। ਕਦੇ ਜੱਜ ਦੀ ਕਚਹਿਰੀ ਦੇ ਬਾਹਰ ਖੜਾ ਆਪਣੀ ਵਾਰੀ ਦੀ ਉਡੀਕ ਕਰਦਾ। ਕਦੇ ਟਰੱਕਾਂ ਵਾਲੇ ਉਸਦਾ ਜਲੂਸ ਕੱਢਦੇ ਹੁੰਦੇ ਅਤੇ ਕਦੇ ਟੈਕਸੀਆਂ ਵਾਲੇ ਧਰਨਾ ਦੇਈ ਬੈਠੇ ਦਿਖਦੇ।

ਪਾਸੇ ਮਾਰਦਿਆਂ ਸਵੇਰ ਦੇ ਪੰਜ ਵੱਜ ਗਏ।

ਘਬਰਾਹਟ ਕਾਰਨ ਨਾ ਉਹ ਰੱਜ ਕੇ ਸੌਂ ਸਕਿਆ ਅਤੇ ਨਾ ਹੀ ਰੱਜ ਕੇ ਖਾ ਸਕਿਆ। ਸਾਰੀ ਰਾਤ ਇਕੱਲਾਪਨ ਉਸਨੂੰ ਵੱਢ ਵੱਢ ਖਾਂਦਾ ਰਿਹਾ। ਜਦੋਂ ਤੋਂ ਹੜਤਾਲ ਸ਼ੁਰੂ ਹੋਈ ਸੀ ਉਸਨੂੰ ਖਾਣਾ ਛੱਡਣਾ ਔਖਾ ਹੋ ਗਿਆ ਸੀ। ਦੋਵੇਂ ਧਿਰਾਂ ਪੁਲਿਸ ਤੇ ਔਖੀਆਂ ਸਨ। ਲੇਬਰ ਦੁਖੀ ਸੀ ਪੁਲਿਸ ਨੇ ਉਹਨਾਂ ਦੇ ਲੀਡਰ ਬਿਨਾਂ ਮਤਲਬ ਜੇਲ੍ਹ ਭੇਜ ਦਿਤੇ ਸਨ। ਮਾਲਕ ਦੁਖੀ ਸਨ ਪੁਲਿਸ ਚੁੱਪ ਬੈਠੀ ਸੀ। ਚਾਰ ਦਿਨ ਕੁਟਾਪਾ ਚੜ੍ਹ ਜਾਵੇ ਤਾਂ ਪੰਜਵੇਂ ਦਿਨ ਆਪੇ ਹੜਤਾਲ ਖੁੱਲ੍ਹ ਜਾਵੇ। ਬਘੇਲ ਸਿੰਘ ਪੁੱਛਦਾ ਸੀ ਇਕੱਲੀ ਪੁਲਿਸ ਕੀ ਕਰੇ। ਮਸਲਾ ਪੂਰੀ ਤਰ੍ਹਾਂ ਰਾਜਨੀਤਕ ਬਣ ਗਿਆ ਸੀ। ਵਜ਼ੀਰ ਸਾਹਿਬ ਤੱਕ ਤਾਂ ਜ਼ੋਰ-ਅਜਮਾਈ ਹੋ ਚੁੱਕੀ ਸੀ। ਉਸਨੂੰ ਤਾਂ ਮੰਤਰੀ ਜੀ ਦੀ ਵੀ ਨੀਤੀ ਸਮਝ ਨਹੀਂ ਸੀ ਆਈ। ਮੀਟਿੰਗ ਵਿਚ ਉਹ ਡਕਾ ਲੇਬਰ ਵੱਲ ਸੁੱਟਦੇ ਸਨ ਪਰ ਜਾਂਦੇ ਹੋਏ ਮਾਲਕਾਂ ਦੀ ਮਦਦ ਦਾ ਇਸ਼ਾਰਾ ਕਰ ਗਏ। ਇਹੋ ਜਿਹੇ ਹਲਾਤਾਂ ਵਿਚ ਪੁਲਿਸ ਲਈ ਤਾਂ 'ਜੈਸੇ ਥੇ' ਵਾਲੀ ਨੀਤੀ ਹੀ ਠੀਕ ਸੀ।

ਲੇਬਰ ਤੇ ਲਾਠੀਚਾਰਜ ਹੋਣ ਨਾਲ ਮਸਲਾ ਉਲਝ ਗਿਆ ਸੀ। ਅਖ਼ਬਾਰਾਂ ਵਿਚ ਸੁਰਖੀਆਂ ਆਉਣ ਲੱਗੀਆਂ ਸਨ। ਹੌਲੀ ਹੌਲੀ ਮਸਲਾ ਪਾਰਲੀਮੈਂਟ ਤੱਕ ਅੱਪੜ ਗਿਆ ਸੀ। ਇਸ ਸਾਰੇ ਗੋਰਖ ਧੰਧੇ ਵਿਚ ਬਘੇਲ ਸਿੰਘ ਦਾ ਨਾਂ ਸਭ ਤੋਂ ਵਧ ਚਮਕਦਾ ਸੀ। ਇਹੋ ਫਿਕਰ ਵਾਲੀ ਗੱਲ ਸੀ।

ਲੇਬਰ ਵਾਲਿਆਂ ਨੇ ਜ਼ਿਲ੍ਹੇ ਪੱਧਰ ਤੇ ਰੈਲੀ ਰੱਖੀ ਸੀ। ਜ਼ਰੂਰ ਉਥੇ ਕੋਈ ਸਿਆਪਾ ਛਿੜਿਆ ਹੋਣੈ।

ਬਘੇਲ ਸਿੰਘ ਤੋਂ ਹੋਰ ਇੰਤਜ਼ਾਰ ਨਾ ਹੋਇਆ। ਉਸਨੇ ਉਠ ਕੇ ਮੂੰਹ ਤੇ ਪਾਣੀ ਦੇ ਛਿਟੇ ਮਾਰੇ ਅਤੇ ਵਰਦੀ ਕੱਸ ਲਈ।

ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਹੀ ਉਸਨੇ ਮੋਟਰ ਸਾਈਕਲ ਸਾਹਿਬ ਦੀ ਕੋਠੀ ਅਗੇ ਜਾ ਲਾਇਆ।

ਕੋਠੀ ਵੜਦਿਆਂ ਹੀ ਉਸਨੇ ਰੀਡਰ; ਅਰਦਲੀ ਅਤੇ ਜੀਪ ਦੇ ਡਰਾਈਵਰ ਨੂੰ ਸੌ ਸੌ ਦੇ ਨੋਟ ਦੇ ਦਰਸ਼ਨ ਕਰਾਏ। ਅਰਦਲੀ ਨੇ ਦੌੜ ਕੇ ਨਾਲੇ ਉਸਦੇ ਆਉਣ ਦੀ ਇਤਲਾਹ ਸਾਹਿਬ ਨੂੰ ਦਿਤੀ ਨਾਲੇ ਗਰਮ ਗਰਮ ਚਾਹ ਦਾ ਇਕ ਪਿਆਲਾ ਪੇਸ਼ ਕੀਤਾ। ਡਰਾਈਵਰ ਨੇ ਯਕੀਨ ਦਵਾਇਆ ਕਿ ਸਾਰੇ ਦਿਨ ਵਿਚ ਕੋਈ ਡੈਪੂਟੇਸ਼ਨ ਜਾਂ ਬੰਦਾ ਉਸਦੇ ਖਿਲਾਫ਼ ਨਹੀਂ ਭੁਗਤਿਆ। ਰੀਡਰ ਨੂੰ ਬਸ ਏਨਾ ਕੁ ਪਤਾ ਸੀ ਕਿ ਮੁੱਖ ਮੰਤਰੀ ਨੇ ਹੜਤਾਲ ਦੀ ਰਿਪੋਰਟ ਮੰਗੀ ਸੀ।

"ਬਸ ਇਹੋ ਸਿਆਪਾ ਹੋਊ।" ਸੋਚਦਾ ਬਘੇਲ ਸਿੰਘ ਮੁਲਾਕਾਤ ਦਾ ਇੰਤਜ਼ਾਰ ਕਰਨ ਲੱਗਾ।

"ਆ ਬਈ ਝੋਟੇਕੁੱਟ" ਸਾਹਿਬ ਨੇ ਆਉਂਦਿਆਂ ਹੀ ਜਿਵੇਂ ਉਸਦੇ ਇਕ ਕਰਾਰਾ ਜਿਹਾ ਥੱਪੜ ਜੜਿਆ।

ਸਾਹਿਬ ਦੇ ਮੂੰਹੋਂ ਨਿਕਲੇ 'ਝੋਟੇਕੁਟ' ਸ਼ਬਦ ਨੂੰ ਸੁਣਦਿਆਂ ਹੀ ਉਸਦਾ ਸਲੂਟ ਲਈ ਤਣਿਆ ਹੱਥ ਢਿੱਲਾ ਪੈ ਗਿਆ।

"ਝੋਟੇ ਕੁਟ ਬਘੇਲ ਸਿੰਘ ਤਾਂ ਕਦੋਂ ਦਾ ਮਰ ਗਿਆ। ਹੁਣ ਤਾਂ ਉਹ ਕਿਸੇ ਨੂੰ ਗੱਲ ਤੱਕ ਨਹੀਂ ਕੱਢਦਾ। ਜ਼ਰੂਰ ਕਿਸੇ ਨੇ ਕੁਟਾਪਾ ਚਾੜ੍ਹਨ ਦੀ ਝੂਠੀ ਸ਼ਿਕਾਇਤ ਕੀਤੀ ਹੋਈ ਹੈ।" ਉਹ ਸੋਚਣ ਲੱਗਾ।

ਸਾਹਿਬ ਦਾ ਹੁਕਮ ਸੁਣਨ ਲਈ ਉਸਨੇ ਨੀਵੀਂ ਪਾ ਲਈ।

ਪੁਰਾਣੇ ਸਮਿਆਂ ਦੀ ਗੱਲ ਸਾਹਿਬ ਨੂੰ ਕਿਸ ਨੇ ਆ ਦੱਸੀ? ਉਦੋਂ ਸੱਚ ਮੁੱਚ ਉਹ ਝੋਟੇ ਕੁੱਟਦਾ ਹੁੰਦਾ ਸੀ। ਸਮਾਜ ਵਿਚ ਖਰੂਦ ਪਾਉਣ ਵਾਲੇ ਝੋਟੇ। ਸ਼ਰੀਫ਼ ਗਊਆਂ ਦਾ ਹੱਕ ਖੋਹਣ ਵਾਲੇ ਸਾਨ੍ਹ। ਅਜਿਹੇ ਕਈਆਂ ਨੂੰ ਬਿਲੇ ਲਾ ਕੇ ਉਹ ਸਿਪਾਹੀ ਤੋਂ ਥਾਣੇਦਾਰ ਬਣਿਆ। ਲੋਕ

ਉਸਨੂੰ ਰੱਬ ਸਮਝਦੇ ਸਨ । ਸਰਕਾਰੇ ਦਰਬਾਰੇ ਉਸਦੀ ਪੁੱਛ ਹੁੰਦੀ ਸੀ । ਹੁਣ ਤਾਂ ਸਮੇਂ ਨੂੰ ਪੁੱਠਾ ਗੇੜ ਪੈ ਗਿਐ। ਉਸਦੇ ਕੁੱਟੇ ਝੋਟੇ ਕਰੋੜਪਤੀ ਤੋਂ ਲੈ ਕੇ ਵਜ਼ੀਰ ਤੱਕ ਬਣੇ ਬੈਠੇ ਨੇ । ਹਰ ਥਾਂ ਉਹਨਾਂ ਦੀ ਤੂਤੀ ਬੋਲਦੀ ਹੈ । ਬਘੇਲ ਸਿੰਘ ਦੇ ਕੁੱਟਣ ਲਈ ਗਊਆਂ ਰਹਿ ਗਈਆਂ । ਗਊਆਂ ਕਦੇ ਉਸਨੇ ਕੁਟੀਆਂ ਨਹੀਂ । ਇਸੇ ਲਈ ਤਰੱਕੀ ਰੁਕ ਗਈ । ਉਸਦੇ ਮਤਹਿਤ ਰਹਿ ਚੁਕੇ ਛੋਟੇ ਥਾਣੇਦਾਰ ਦੋ ਦੋ ਸਟਾਰ ਕੁੱਟ ਕੇ ਇਨਸਪੈਕਟਰ ਬਣ ਗਏ । ਉਹ ਦਸਾਂ ਸਾਲਾਂ ਤੋਂ ਉਥੇ ਦਾ ਉਥੇ ਹੀ ਬੈਠਾ ਹੈ । ਉਸਨੇ ਕਦੇ ਦਿਲ ਤੇ ਨਹੀਂ ਲਿਆਂਦੀ । ਉਸਦਾ ਜਦੋਂ ਮਨ ਸਾਫ਼ ਸੀ ਤਾਂ ਤਰੱਕੀਆਂ ਦਾ ਕੀ ਹੈ ।

"ਤੇਰਾ ਮਨ ਸਾਫ ਕਿੱਥੇ ਹੈ ? ਤੈਥੋਂ ਝੋਟੇ ਕੁੱਟ ਨਹੀਂ ਖਾਂਦੇ ਇਸ ਲਈ ਕੁੱਟਣੋ ਹਟ ਗਿਐਂ । ਤੂੰ ਗਊਆਂ ਕੁਟਦਾ ਤਾਂ ਨਹੀਂ, ਲੁੱਟਦਾ ਤਾਂ ਹੈਂ । ਭਊਆਂ ਦੀ ਥਾਂ ਬਿਹਾਰੀ, ਜ਼ਿਮੀਦਾਰ ਦੀ ਥਾਂ ਸੀਰੀ । ਆਨੇ ਬਹਾਨੇ ਤੂੰ ਵੀ ਝੋਟਿਆਂ ਦੀ ਪਿੱਠ ਹੀ ਥਾਪੜਦੈਂ !" ਉਸ ਅੰਦਰ ਜਾਗੇ ਝੋਟੇਕੁਟ ਨੇ ਬਘੇਲ ਸਿੰਘ ਨੂੰ ਵੰਗਾਰਿਆ ।

"ਬਈ ਬਘੇਲ ਸਿੰਘ ਤੇਰੇ ਇਲਾਕੇ 'ਚ ਚਲਦੀ ਇਹ ਹੜਤਾਲ ਖ਼ਤਮ ਕਿਉਂ ਨਹੀਂ ਹੋ ਰਹੀ ? ਸ਼ੈਸ਼ਨ ਬੈਠਣ ਵਾਲੈ । ਮੁੱਖ ਮੰਤਰੀ ਜੀ ਬੜੇ ਪ੍ਰੇਸ਼ਾਨ ਹਨ । ਉਹ ਚਾਹੁੰਦੇ ਹਨ ਸ਼ੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਇਹ ਝਗੜਾ ਜ਼ਰੂਰ ਮੁੱਕ ਜਾਵੇ ।"

"ਜਨਾਬ ਨਾ ਸ਼ੈਲਰਾਂ ਵਾਲੇ ਡਕਾ ਸੁਟਦੇ ਨੇ...ਨਾ ਲੇਬਰ ਝੁਕਦੀ ਹੈ ...।"

ਦਬਵੀਂ ਜਿਹੀ ਅਵਾਜ਼ ਵਿਚ ਉਸਨੇ ਮਜਬੂਰੀ ਦਸੀ । ਉਂਝ ਉਸ ਅੰਦਰਲਾ ਝੋਟੇਕੁਟ ਆਖ ਰਿਹਾ ਸੀ ਹੜਤਾਲ ਸ਼ੁਰੂ ਕਰਾਉਣੀ ਜਾਂ ਖ਼ਤਮ ਕਰਾਉਣੀ ਪੁਲਿਸ ਦਾ ਕੰਮ ਨਹੀਂ । ਪੁਲਿਸ ਦਾ ਕੰਮ ਅਮਨ ਬਹਾਲ ਰਖਣੈ । ਉਹ ਡਸਿਪਲਿੰਡ ਫੋਰਸ ਦਾ ਜ਼ਿੰਮੇਵਾਰ ਅਫਸਰ ਹੈ । ਅਫ਼ਸਰ ਦੇ ਹੁਕਮ ਦੀ ਪਾਲਨਾ ਕਰਨਾ ਉਸਦਾ ਫਰਜ਼ ਹੈ । ਇਸ ਲਈ ਉਹ ਚੁੱਪ ਰਿਹਾ ।

"ਫੇਰ ਤੂੰ ਝੋਟੇਕੁਟ ਕਾਹਦਾ ਹੋਇਆ ? ਬੜਕਾਂ ਮਾਰਨ ਵਾਲੇ ਝੋਟੇ ਦੋ ਚਾਰ ਕੁ ਨੇ । ਉਹਨਾਂ 'ਚ ਇਕ ਕੋਈ ਪੁਰਾਣਾ ਨਕਸਲੀਆ ਏ...। ਇਹਨਾਂ ਸਭ ਦਾ ਸਫ਼ਾਇਆ ਕਰੋ । ਜਿਵੇਂ ਮਰਜ਼ੀ । ਸਾਰੀ ਸਰਕਾਰ ਸਾਡੇ ਨਾਲ ਹੈ...। ਬਰਾੜ ਸ਼ੈਲਰਾਂ ਵਾਲੇ ਮੇਰੇ ਰਿਸ਼ਤੇਦਾਰ ਹਨ...। ਜਿੰਨੇ ਪੈਸੇ ਚਾਹੀਦੇ ਹੋਣ ਮੇਰਾ ਨਾਂ ਲੈ ਕੇ ਮੰਗਵਾ ਲਈਂ...।"

"ਠੀਕ ਹੈ ਸਰ" ਆਖਦਾ ਬਘੇਲ ਸਿੰਘ ਬਾਹਰ ਆ ਗਿਆ।

ਸਾਹਿਬ ਨੇ ਉਸ ਅੰਦਰਲੇ ਝੋਟੇਕੁਟ ਨੂੰ ਜਗਾ ਦਿਤਾ ਸੀ । ਹੜਤਾਲ ਖ਼ਤਮ ਕਰਾਣਊਾ ਉਸਦੇ ਖਬੇ ਹੱਥ ਦੀ ਖੇਡ ਸੀ । ਦੋ ਚਾਰ ਝੋਟਿਆਂ ਨੂੰ ਹੱਥ ਫੇਰਨ ਨਾਲ ਮਸਲਾ ਹੱਲ ਹੋ ਜਾਣਾ ਸੀ । ਪਰ ਉਸਦੀ ਅਤੇ ਸਾਹਿਬ ਦੀ ਸੋਚ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ । ਸਾਹਿਬ ਨੂੰ ਭੁੱਖੀ ਮਰਦੀ ਲੇਬਰ ਵਿਚੋਂ ਝੋਟਿਆਂ ਦੇ ਅਕਸ ਦਿਖਾਈ ਦਿਤੇ ਸਨ ਅਤੇ ਉਸਨੂੰ ਗੋਗੜਾਂ ਵਾਲੇ ਮਾਲਕ ਵਿਚੋਂ । ਸਾਹਿਬ ਨੂੰ ਪੰਜ ਪੈਸੇ ਫੀ ਬੋਰੀ ਵਧ ਮੰਗਦੀ ਲੇਬਰ ਦੀ ਅਵਾਜ਼ ਵਿਚੋਂ ਝੋਟਿਆਂ ਦੀ ਬੜਕ ਸੁਣਾਈ ਦਿਤੀ ਸੀ ਅਤੇ ਉਸਨੂੰ ਮੰਤਰੀਆਂ ਅਤੇ ਅਫਸਰਾਂ ਦੇ ਰਿਸ਼ਤੇਦਾਰ ਮਿਲ ਮਾਲਕਾਂ ਦੀਆਂ ਧਮਕੀਆਂ ਵਿਚੋਂ । ਕਿਸ ਦੀ ਐਨਕ ਦੇ ਸ਼ੀਸ਼ੇ ਧੁੰਧਲੇ ਹਨ ਉਸ ਨੂੰ ਸਮਝ ਨਹੀਂ ਸੀ ਆ ਰਹੀ ।

ਬੁਝੇ ਮਨ ਨਾਲ ਉਸਨੇ ਮੋਟਰ ਸਾਈਕਲ ਸਟਾਰਟ ਕੀਤਾ ਅਤੇ ਥਾਣੇ ਵੱਲ ਮੋੜ ਲਿਆ ।

ਉਸਨੇ ਹਿਸਾਬ ਕਿਤਾਬ ਲਾ ਕੇ ਦੇਖਿਆ ਰਿਟਾਇਰ ਹੋਣ ਵਿਚ ਦੋ ਵਰ੍ਹੇ ਰਹਿੰਦੇ ਸਨ । ਸਿਪਾਹੀ ਰਿਟਾਇਰ ਹੋਵੇ ਜਾਂ ਇੰਨਸਪੈਕਟਰ ਕੀ ਫ਼ਰਕ ਪੈਂਦੈ । ਝੋਟੇ ਕੁਟ ਕੇ ਉਹ ਸਿਪਾਹੀ ਤੋਂ ਇੰਨਸਪੈਕਟਰ ਬਣਿਆ । ਝੋਟੇ ਕੁਟਦਾ ਕੁਟਦਾ ਮੁੜ ਸਿਪਾਹੀ ਬਣ ਜਾਵੇ ਤਾਂ ਕਿਹੜਾ ਪਹਾੜ ਗਿਰ ਜਾਣੈ । ਇੰਨਸਪੈਕਟਰ ਨਾਲੋਂ ਝੋਟੇ ਕੁਟ ਬਣਕੇ ਰਿਟਾਇਰ ਹੋਣਾ ਚੰਗਾ, ਭਾਵੇਂ ਉਸਦੇ ਸਾਰੇ ਰੈਂਕ ਖੁੱਸ ਜਾਣ ।

ਸਾਰੇ ਰਾਹ ਨੌਜਵਾਨ ਮੁੰਡੇ ਦੇ ਭਾਸ਼ਣ ਉਸਦੇ ਜ਼ਿਹਨ ਵਿਚ ਗੂੰਜਦੇ ਰਹੇ । ਝੋਟੇ ਅਤੇ ਗਊਆਂ ਦੀ ਸ਼ਨਾਖ਼ਤ ਕਰਨ ਵਿਚ ਉਸਦੀ ਮਦਦ ਕਰਦੇ ਰਹੇ । ਸਮਝਾਉਂਦੇ ਰਹੇ ਕਿ ਚੰਦ ਸਿੱਕਿਆਂ ਦੇ ਮੋਹ 'ਚ ਉਸਨੂੰ ਲੋਟੂ ਜਮਾਤ ਦਾ ਮੋਹਰਾ ਨਹੀਂ ਬਣਨਾ ਚਾਹੀਦਾ ।

ਥਾਣੇ ਤੱਕ ਪੁਜਦਿਆਂ ਪੁਜਦਿਆਂ ਉਸਦੀਆਂ ਅੱਖਾਂ ਅੱਗੇ ਛਾਈ ਧੁੰਦ ਇਕ ਪਾਸੇ ਹਟ ਗਈ । ਉਸਦਾ ਡੋਲਦਾ ਮਨ ਸਥਿਰ ਹੋ ਗਿਆ ।

ਥਾਣੇ ਪੁਜ ਕੇ ਬਘੇਲ ਸਿੰਘ ਸਿੱਧਾ ਆਦਮ-ਬੁੱਤ ਸ਼ੀਸ਼ੇ ਅਗੇ ਜਾ ਖੜੋਤਾ । ਕਈਆਂ ਸਾਲਾਂ ਬਾਅਦ ਮੁੜ ਝੋਟੇ ਕੁਟ ਦੇ ਉਹ ਦਰਸ਼ਨ ਕਰਨਾ ਚਾਹੁੰਦਾ ਸੀ । ਝੋਟੇ ਕੁਟ ਚੜ੍ਹਦੀਕਲਾ ਵਿਚ ਸੀ । ਉਸ ਦੀਆਂ ਅੱਖਾਂ ਮੁੜ ਚੀਤੇ ਦੀਆਂ ਅੱਖਾਂ ਵਾਂਗ ਚਮਕਣ ਲੱਗੀਆਂ ਸਨ । ਉਸਦੇ ਫੋਲਾਦੀ ਡਉਲੇ ਕਿਸੇ ਵੀ ਝੋਟੇ ਤੇ ਡਾਂਗ ਫੇਰਨ ਦੀ ਤਾਕਤ ਰੱਖਦੇ ਸਨ ।

ਝੋਟੇਕੁਟ ਨੂੰ ਬਘੇਲ ਸਿੰਘ ਦੇ ਮੋਢੇ ਤੇ ਲਿਸ਼ਕਦੇ ਦੋ ਸਟਾਰ ਓਪਰੇ ਓਪਰੇ ਜਿਹੇ ਲੱਗੇ । ਵੱਡੀਆਂ ਵੱਡੀਆਂ

ਮਿਲਾਂ ਦੇ ਮਾਲਕਾਂ, ਮੰਤਰੀਆਂ ਅਤੇ ਅਫ਼ਸਰਾਂ ਦੇ ਰਿਸ਼ਤੇਦਾਰਾਂ ਨੂੰ ਕੁਟਣ ਵਾਲਾ ਭਲਾ ਕਦੋ ਦੋ ਸਟਾਰਾਂ ਦਾ ਹੱਕਦਾਰ ਰਹਿ ਸਕਦੈ !

"ਕਦੇ ਵੀ ਨਹੀਂ ।" ਆਖਦੇ ਬਘੇਲ ਸਿੰਘ ਨੇ ਝੰਟੇਕੁਟ ਨੂੰ ਧਰਤੀ ਹਿਲਾ ਦੇਣ ਵਾਲਾ ਸਲੂਟ ਮਾਰਿਆ

ਹੜਤਾਲ ਖ਼ਤਮ ਹੋਣ ਦੀ ਸੂਚਨਾ ਦੇ ਨਾਲ ਹੀ ਉਹ ਇਹ ਸਟਾਰ ਵੀ ਸਾਹਿਬ ਦੀ ਟੇਬਲ ਉਪਰ ਰੱਖ ਆਏਗਾ ।

o

---

ਸੰਖੇਪ-ਚਰਚਾ :

## ਪਾਠਕ ਲੇਖਕ ਫੋਰਮ

**1. ਪਲਸ ਮੰਚ ਬਨਾਮ ਸੁਰਖ ਰੇਖਾ**/ਗੁਰਦੀਪ ਗਰੇਵਾਲ

'ਸੁਰਖ ਰੇਖਾ' ਬਾਰੇ ਆਖ਼ਰ ਭਾਅ ਜੀ ਨੇ ਉਹ ਗੱਲਾਂ ਆਖਣ ਦੀ ਦਲੇਰੀ ਕਰ ਹੀ ਲਈ ਜਿਹੜੀਆਂ ਕਿ ਕਾਫੀ ਚਿਰ ਤੋਂ ਮਾਰਕਸਵਾਦ-ਲੈਨਿਨਵਾਦ ਤੇ ਪੰਜਾਬ ਦੇ ਇਨਕਲਾਬੀ ਗਰੁੱਪਾਂ ਨਾਲ ਹਮਦਰਦੀ ਰੱਖਣ ਵਾਲ ਸੂਝਵਾਨ ਸਾਥੀ ਆਖਣੀਆਂ ਚਾਹੁੰਦੇ ਸਨ ।

ਸੁਰਖ ਰੇਖਾ ਨੇ ਬੜੀ 'ਦਲੇਰੀ' ਨਾਲ ਸੰਤ ਭਿੰਡਰਾਂ ਵਾਲਿਆਂ ਦੇ ਕਾਰਨਾਮਿਆਂ ਨੂੰ ਉਸ ਸਮੇਂ ਨੰਗਾ ਕੀਤਾ ਜਦੋਂ ਕਿ ਉਸਦੇ 'ਚੇਲੇ' ਕਹਿੰਦੇ-ਕਹਾਉਂਦੇ ਵਿਅਕਤੀਆਂ ਨੂੰ 'ਸੋਧ' ਦਿੰਦੇ ਸਨ । ਪਰ ਜੇ ਸੰਤ ਨੇ ਇਸਦੇ ਸੰਪਾਦਕਾਂ ਪ੍ਰਕਾਸ਼ਕਾਂ ਨੂੰ ਨਹੀਂ 'ਸੋਧਿਆ' ਤਾਂ ਇਸਦੀ ਵਜਾਹ ਇਹ ਨਹੀਂ ਸੀ ਕਿ ਸੰਤ ਇਹਨਾਂ ਦੇ "ਰੈਡ-ਗਾਰਡਾਂ" ਤੋਂ ਥਰਕਦਾ ਸੀ, ਸਗੋਂ ਗੱਲ ਏਨੀ ਕੁ ਹੀ ਸਮਝ ਪੈਂਦੀ ਹੈ ਕਿ ਉਹ ਸੰਤ, ਜਿਸ ਨਾਲ ਇੰਟਰਵਿਊਆਂ ਕਰਨ, ਉਸਦੇ ਵਿਚਾਰ ਛਾਪਣ ਲਈ ਕੌਮੀ-ਪੱਧਰ ਦੇ ਹੀ ਨਹੀਂ ਬਲਕਿ ਕੌਮਾਂਤਰੀ ਪੱਧਰ ਦੇ ਅਖ਼ਬਾਰ-ਨਵੀਸ ਤੇ ਟੈਲੀ-ਵੀਜ਼ਨਾਂ ਵਾਲੇ ਲਾਈਨਾਂ ਲਾਈ ਫਿਰਦੇ ਸਨ, ਉਸਨੂੰ ਕੀ ਲੋੜ ਪਈ ਸੀ ਉਹ ਇਕ ਮਾਮੂਲੀ ਜਿਹੇ ਪੰਜਾਬੀ ਪਰਚ ਵਿਚ ਛਪੀਆਂ ਲਿਖਤਾਂ ਦਾ ਨੋਟਿਸ ਲੈਂਦਾ ਫਿਰਦਾ ।

ਬਾਕੀ ਇਸਦੇ ਖੋਜੀ ਪੱਤਰਕਾਰਾਂ ਬਾਰੇ ਇਹ ਗੱਲ ਤਾਂ ਮੰਨੀ ਜਾ ਸਕਦੀ ਹੈ ਕਿ ਉਹ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਬਾਰੇ ਖੋਜ ਕਰ ਲੈਣ' ਪਰ ਜੇ ਉਹ ਦਿੱਲੀ ਦੇ ਹਾਕਮਾਂ ਦੇ ਭ੍ਰਿਸ਼ਟ ਕਾਰਨਾਮਿਆਂ ਬਾਰੇ ਕੋਈ 'ਖ਼ਾਸ' ਜਾਂ 'ਵਿਸ਼ੇਸ਼' ਖੋਜ ਕਰਦੇ ਹਨ ਤਾਂ ਅੰਗਰੇਜ਼ੀ ਦੇ 'ਇੰਡੀਆ ਟੂ-ਡੇ', 'ਸੰਡੇ' ਜਾਂ 'ਪਰੋਬ' ਪੜ੍ਹਨ ਵਾਲੇ ਪਾਠਕ ਸਮਝਦੇ ਰਹੇ ਹਨ ਕਿ ਸੁਰਖ ਰੇਖਾ ਵਿਚ ਛਪੀ ਲਿਖਤ ਉਕਤ ਪਰਚਿਆਂ ਵਿਚ ਛਪੀ ਕਿਸ ਰਿਪੋਰਟ ਦਾ ਚਰਬਾ ਉਤਾਰਿਆ ਗਿਆ ਹੈ ।

ਇਹ ਤਾਂ ਪਹਿਲਾਂ ਕਮਿਊਨਿਸਟ ਪਾਰਟੀਆਂ ਤੇ ਹੁਣ ਸਾਡੇ ਭਿੰਨ-ਭਿੰਨ ਇਨਕਲਾਬੀ ਗਰੁੱਪਾਂ ਦੀ ਲੀਡਰ-ਸ਼ਿਪ ਆਪਣੇ ਕਾਡਰ ਨੂੰ ਬੁਨਿਆਦੀ ਮਾਰਕਸੀ ਸਿਧਾਂਤਾਂ ਦੀ ਜਾਣਕਾਰੀ ਦੇਣ ਦੀ ਬਜਾਇ, ਉਹਨਾਂ ਨੂੰ ਭਾਰਤ ਵਿਚ ਵਾਪਰਦੀਆਂ ਸਮਾਜਿਕ, ਰਾਜਨੀਤਕ ਤੇ ਆਰਥਿਕ ਘਟਨਾਵਾਂ/ਸਥਿਤੀਆਂ ਸੰਬੰਧੀ ਆਪਣੀ ਸੂਝ-ਬੂਝ ਨਾਲ ਆਪਣਾ ਨਜ਼ਰੀਆ ਕਾਇਮ ਕਰਨ ਦੀ ਬਜਾਇ, ਇਹ ਕੋਸ਼ਿਸ਼ ਕਰਦੀ ਰਹੀ ਹੈ ਕਿ ਕਾਡਰ 'ਉਪਰੋਂ' ਮਿਲੀ ਲਾਈਨ ਨੂੰ ਸ਼ਰਧਾ ਤੇ ਸਤਿਕਾਰ ਨਾਲ ਪ੍ਰਵਾਨ ਕਰੇ-ਜਿਵੇਂ ਅਨੇਕਾਂ ਸਾਧੂ, ਸੰਤ ਤੇ ਸੁਆਮੀ ਕਰਦੇ ਹਨ । ਇਹਦੀ ਮਿਸਾਲ ਮੈਂ ਸੁਰਖ ਰੇਖਾ ਰੇਖਾ ਵਿਚ ਛਪਦੇ ਪਾਠਕਾਂ ਦੇ ਪੱਤਰਾਂ ਤੋਂ ਦੇਣੀ ਚਾਹੁੰਦਾ ਹਾਂ । ਪਿਛੇ ਜਿਹੇ 'ਸੁਰਖ-ਰੇਖਾ' ਵਿਚ ਇਸ ਇਨਕਲਾਬੀ ਧੜੇ ਦਾ ਇਕ 'ਅਹਿਮ' ਦਸਤਾਵੇਜ਼ ਛਾਪਿਆ ਗਿਆ ਸੀ ਤੇ ਇਸ ਬਾਰੇ ਪਾਠਕਾਂ ਦੇ ਵਿਚਾਰ ਮੰਗੇ ਗਏ ਸਨ ਤਾਂ ਇਕ ਵੀ ਪੱਤਰ ਇਸ 'ਅਹਿਮ' ਦਸਤਾਵੇਜ਼ ਬਾਰੇ ਨਹੀਂ ਮਿਲਿਆ ! ਇਸਦੇ ਉਲਟ ਜਦੋਂ ਜਸਵੰਤ ਸਿੰਘ ਕੰਵਲ ਤੇ ਗੁਰਸ਼ਰਨ ਸਿੰਘ (ਸਰਕਾਰ ਤੋਂ ਇਨਾਮ ਲੈਣ ਦੇ ਮਾਮਲੇ ਬਾਰੇ ਜੋ ਕਿ ਹਾਲੇ ਤੀਕ ਉਹਨਾਂ ਨੇ ਨਾਂ ਹੀ ਲਿਆ ਹੈ ਤੇ ਨਾ ਹੀ ਕਿਸੇ ਨੇ ਉਹਨਾਂ ਨੂੰ ਦਿਤਾ ਹੈ, ਸੰਬੰਧੀ ਪਾਠਕਾਂ/ਤੇ ਕੁੱਝ 'ਜਨਤਕ ਜਥੇਬੰਦੀਆਂ' ਦੇ ਆਗੂਆਂ ਦੇ ਧੜਾ-ਧੜ ਪੱਤਰ ਛਾਪੇ ਗਏ । ਦਰਸ਼ਨ ਦੁਸਾਂਝ, ਜਦੋਂ ਤੀਕ ਇਹਨਾਂ ਦੀ ਹਾਂ ਵਿਚ ਹਾਂ ਮਿਲਾਉਂਦਾ ਰਿਹਾ; 'ਇਨਕਲਾਬੀ ਸੂਰਮਾ' ਸੀ ਜੋ ਕਿ ਇਕ ਲੱਤੋਂ ਆਰੀ ਹੋਣ ਦੇ ਬਾਵਜੂਦ ਵੀ 'ਹਨੇਰੀ ਵਾਂਗ ਇਨਕਲਾਬ ਦਾ ਸੁਨੇਹਾ ਘਰ ਘਰ ਪੁਚਾਣ ਵਾਲੇ ਅਣ-ਥੱਕ ਲੀਡਰ' ਵਜੋਂ ਕਾਡਰ ਵਿਚ ਪ੍ਰਚਾਰਿਆ ਜਾਂਦਾ ਸੀ, ਦੇ ਕੁਝ ਬੁਨਿਆਦੀ ਮੱਤਭੇਦਾਂ ਕਾਰਨ ਅਲੱਗ ਹੋਣ ਦੀ ਦੇਰ ਸੀ, ਕਿ ਢੇਰਾਂ ਖ਼ਤ ਉਸਦੇ ਵਿਰੁੱਧ ਛਾਪੇ ਗਏ । ਦਰਸ਼ਨ ਦੁਸਾਂਝ ਦੀ ਪੰਜਾਬ ਦੀ ਇਨਕਲਾਬੀ ਲਹਿਰ ਨੂੰ ਦੇਣ ਤੋਂ, ਇਸ ਲਹਿਰ ਦਾ ਕੋਈ ਵੀ ਵਰਕਰ/ਹਮਦਰਦ ਅਣਜਾਣ ਨਹੀਂ ਹੈ, ਪਰ ਜਿਸ ਤਰ੍ਹਾਂ ਉਸਦੇ ਵਿਰੁੱਧ ਬੇ-ਅਸੂਲੀ ਭੱਦੀ ਤੇ ਗਾਲੀ-ਗਲੋਚ ਦੀ ਪੱਧਰ ਤੇ ਜਾ ਕੇ ਨਿੰਦਿਆ ਕੀਤੀ, ਉਹ ਕਿਸੇ ਪਰਚੇ/ਪਾਰਟੀ ਨੂੰ ਸ਼ੋਭਾ ਨਹੀਂ ਦਿੰਦੀ । ਕਿੰਨੀ ਕੁ ਸਾਡੀ ਤਾਕਤ ਹੈ, ਕਿੰਨਾ ਕੁ ਸਾਡਾ ਜਨਤਾ ਵਿਚ ਆਧਾਰ ਹੈ, ਇਹ ਆਪਾਂ ਸਾਰੇ ਸਮਝਦੇ ਹਾਂ । ਪਰ ਆਪਣੇ ਆਪ ਨੂੰ ਸੱਚੇ-ਸੁੱਚੇ ਇਨਕਲਾਬੀ ਤੇ ਹਥਿਆਰਬੰਦ ਇਨਕਲਾਬ ਲਈ ਜੂਝਦੀ ਲੀਡਰਸ਼ਿਪ ਕਦੇ ਅਜੇਹਾ ਐਲਾਨ ਵੀ ਕਰਦੀ ਕਿ ਸਾਡੀ ਪਾਰਟੀ ਪੰਜਾਬ ਦੇ ਪਿੰਡਾਂ ਸ਼ਹਿਰਾਂ ਤੀਕ ਫੈਲ ਚੁੱਕੀ ਹੈ ਤੇ ਲੋਕ ਆਪਣੀ ਰਖਿਆ ਲਈ ਸਾਡੇ ਹਥਿਆਰ-

ਬੰਦ 'ਰੈਡ ਗਾਰਡਾਂ' ਵਿਚ ਸ਼ਾਮਲ ਹੋ ਜਾਵੇ।" ਪਿਛੇ ਜਿਹੇ ਹੀ ਗੁਰਦਾਸਪੁਰ ਤੇ ਅੰਮ੍ਰਿਤਸਰ ਤੋਂ ਆਏ ਦੋਸਤ ਪੁੱਛਦੇ ਸਨ ਕਿ ਇਹ ਤਾਂ ਪਿੰਡ ਪਿੰਡ ਦੀ ਗੱਲ ਕਰਦੇ ਹਨ ਪਰ ਸਾਨੂੰ ਤਾਂ ਬਲਾਕ ਜਾਂ ਤਹਿਸੀਲ ਪੱਧਰ ਤੇ ਤਾਂ ਛੱਡੋ, ਜ਼ਿਲਾ ਪੱਧਰ ਤੇ ਵੀ ਕੋਈ 'ਰੈਡ-ਗਾਰਡ ਨਹੀਂ ਮਿਲ ਰਿਹਾ ਜਿਹਦੇ ਕੋਲ ਜਾ ਕੇ ਅਸੀਂ ਆਪਣਾ ਦੁੱਖੜਾ ਰੋ ਸਕੀਏ !

ਸਾਥੀ ਰਤਨ ਪਟਵਾਰੀ ਦੇ ਦਹਿਸ਼ਤਗਰਦਾਂ ਹਥੋਂ ਕਤਲ ਦੇ ਫੌਰਨ ਬਾਅਦ 'ਸੁਰਖ ਰੇਖਾ' ਵਿਚ ਤੇ ਕੁਝ ਜਲੰਧਰ ਦੇ ਅਖਬਾਰਾਂ ਵਿਚ 'ਰੈਡ-ਗਾਰਡਾਂ' ਦੇ ਕਮਾਂਡਰ 'ਦਲੇਰ ਸਿੰਘ' ਦਾ ਬਿਆਨ ਛਾਪਿਆ ਗਿਆ ਕਿ ਸਾਥੀ ਪਟਵਾਰੀ ਦੇ ਕਾਤਲ 'ਗੱਡੀ ਚਾੜ੍ਹ ਦਿਤੇ ਹਨ। ਪਰ ਬਾਅਦ 'ਚ ਜਦੋਂ ਕੁਝ ਇਲਾਕੇ ਦੇ ਸਾਥੀਆਂ ਨੇ ਪੜਤਾਲ ਕੀਤੀ ਕਿ ਉਥੇ ਤਾਂ ਕੋਈ ਬੰਦਾ ਮਰਿਆ ਹੀ ਨਹੀ ! ਉਂਜ ਵੀ 'ਕਮਾਂਡਰ' ਜੀ ਨੇ ਮਾਰੇ ਗਏ 'ਖ ਲਿਸਤਾਨੀ' ਦਾ ਕੋਈ ਨਾਂ ਜਾਂ ਅਤਾ-ਪਤਾ ਨਹੀਂ ਦਿਤਾ। ਹੁਣ ਕਈ ਮਹੀਨੇਲੰਘ ਜਾਣ ਤੇ ਜੁਲਾਈ ਵਿਚ 'ਕਮਾਂਡਰ' ਜੀ ਦਾ ਵੇਰਵਾ ਭਰਪੂਰ ਬਿਆਨ ਛਾਪਿਆ ਗਿਆ ਕਿ ਸਾਥੀ ਦੇ ਕਾਤਲਾਂ ਦਾ ਖ਼ਾਸ ਆਦਮੀ ਅੜਿੱਕੇ ਤਾਂ ਆ ਗਿਆ— ਪਰ ਰੈਡ-ਗਾਰਡ ਉਹਨੂੰ ਮਾਮੂਲੀ ਜ਼ਖ਼ਮੀ ਹੀ ਕਰ ਸਕੇ। ਸੋ ਇਹ ਹਾਲ ਹੈ, ਸਾਡੀ ਇਸ ਇਨਕਲਾਬੀ ਪਾਰਟੀ ਦਾ ਤੇ ਇਸਦੇ ਤਰਜਮਾਨ ਸੁਰਖ ਰੇਖਾ ਦਾ। ਜਿਹੜੇ ਪੰਜਾਬ ਦੇ ਲੋਕਾਂ ਨੂੰ 'ਖਾਲਿਸਤਾਨੀ ਦਹਿਸ਼ਤਗਰਦਾਂ' ਤੋਂ ਬਚਾਉਣ ਲਈ ਐਵੇਂ ਖਾਹ-ਮਖਾਹ ਫੋਕੇ ਦਮਗਜੇ ਮਾਰਦੇ ਹਨ। ਬਾਕੀ 'ਸੁਰਖ ਰੇਖਾ' ਦੇ ਇਸ ਸਾਲ ਦੇ ਆਰੰਭ ਵਿਚ ਤਿੰਨ ਅੰਕ ਪੰਜਾਬ ਸਰਕਾਰ ਨੇ ਜ਼ਬਤ ਕੀਤੇ ਸਨ। ਇਸ ਸਰਕਾਰੀ ਕਾਰਵਾਈ ਨੂੰ ਐਂ ਵਧਾ-ਚੜ੍ਹਾਕੇ ਪੇਸ਼ ਗਿਆ ਕਿ 'ਬਰਨਾਲਾ ਸਰਕਾਰ' ਸੁਰਖ ਰੇਖਾ ਤੋਂ ਭੈਅ-ਭੀਤ ਹੋ ਗਈ, ਸਰਕਾਰ ਦੀ ਨੀਂਦ ਹਰਾਮ ਹੋ ਗਈ ਹੈ। ਜਦੋ ਕਿ ਪਿਛਲੇ ਸਾਲ-ਦੋ ਸਾਲ ਵਿਚ ਪੰਜਾਬ ਸਰਕਾਰ ਨੇ 'ਸੰਤ ਸਿਪਾਹੀ' ਤੇ 'ਸੰਪਰਕ' ਆਦਿ ਪੰਜਾਬੀ ਰਸਾਲਿਆਂ ਦੇ ਦਰਜਨਾਂ ਹੀ ਅੰਕ ਕਾਨੂੰਨ ਦੀਆਂ ਉਨ੍ਹਾਂ ਹੀ ਧਾਰ ਵਾਂ ਹੇਠ ਜ਼ਬਤ ਕੀਤੇ ਹਨ ਜਿਹਨਾਂ ਧਾਰਾਵਾਂ ਹੇਠ ਸੁਰਖ ਰੇਖਾ ਦੇ। ਉਂਜ ਵੀ ਸੁਰਖ-ਰੇਖਾ ਸਰਕਾਰ ਵਲੋਂ ਮਨਜ਼ੂਰ-ਸ਼ੁਦਾ ਪਰਚਾ ਹੈ ਤੇ ਇਸਦੇ ਸਾਰੇ ਹੀ ਅੰਕ ਬਾਕਾਇਦਾ ਸਰਕਾਰ ਨੂੰ ਪੁਜਦੇ ਕੀਤੇ ਜਾਂਦੇ ਹਨ। ਜੇਕਰ ਸਰਕਾਰ ਇਹਨਾਂ ਤੋਂ ਐਨੀ ਹੀ ਭੈਅ-ਭੀਤ ਹੈ, ਜਿਵੇਂ ਕਿ ਇਹ ਪੇਸ਼ ਕਰਦੇ ਹਨ ਤਾਂ ਇਸਦੇ ਸਾਰੇ ਹੀ ਅੰਕ ਸਰਕਾਰ ਵਲੋਂ ਜ਼ਬਤ ਹੋਣ ਚਾਹੀਦੇ ਸਨ ਤੇ ਇਸਦੇ ਸੰਪਾਦਕ ਤੇ ਮੁਕੱਦਮੇ ਵੀ ਸਰਕਾਰ ਜ਼ਰੂਰ ਕਰਦੀ ਹੈ। ਜਾਂ ਫਿਰ ਇਹਨਾਂ ਤੋਂ ਵੱਧ ਸਰਕਾਰ ਵਿਰੋਧੀ ਉਕਤ ਪਰਚੇ ਹੋਏ।

ਸੋ ਸੁਰਖ ਰੇਖਾ ਵਾਲੇ ਵੀਰਾਂ ਨੂੰ ਸਾਡੀ ਬੇਨਤੀ ਹੈ ਕਿ ਫੋਕੇ ਦਮਗਜੇ ਮਾਰਨ ਦੀ ਥਾਂ, ਸੱਚ ਮੁੱਚ ਹੀ ਇਨਕਲਾਬੀ ਗਰੁੱਪਾਂ ਦੀ ਏਕਤਾ ਲਈ ਪੂਰੀ ਸੁਹਿਰਦਤਾ ਨਾਲ ਯਤਨਸ਼ੀਲ ਹੋਣ। ਤਾਂ ਜੋ ਅੱਜ 'ਖਾਲਿਸਤਾਨੀ ਦਹਿਸ਼ਤ ਗਰਦਾਂ' ਵਲੋਂ ਕੀਤੇ ਬੇ-ਕਸੂਰ ਲੋਕਾਂ ਦੇ ਹਰ ਰੋਜ਼ ਕੀਤੇ ਜਾ ਰਹੇ ਕਤਲੇਆਮ ਨੂੰ, ਆਪਣੀ ਸਾਂਝੀ ਤਾਕਤ ਵਰਤਕੇ ਕੁਝ ਠੱਲ੍ਹ ਪਾ ਸਕੀਏ। ਤੇ ਵਿਚਾਰ ਕਰੀਏ ਮਿਲ ਬੈਠਕੇ ਕਿ ਸੱਤਰਵਿਆਂ ਵਿਚ ਸਿਖ ਨੌਜੁਆਨਾਂ, ਖਾਸ ਕਰ ਵਿਦਿਆਰਥੀਆਂ ਵਿਚ ਜੋ ਸਾਡਾ ਆਗੂ-ਰੋਲ ਸੀ, ਉਹ ਅੱਜ ਮਿੱਟੀ ਕਿਵੇਂ ਬਣ ਗਿਆ ਹੈ। ਵਿਚਾਰ ਕਰੀਏ ਕਿ ਲੋਕਾਂ ਵਿਚ ਦਿਨੋ-ਦਿਨ ਵਧਦੀ ਬੇਚੈਨੀ ਨੂੰ, ਖ਼ਾਸ ਕਰ ਸਿੱਖ ਕਿਸਾਨੀ ਵਿਚ ਪਲਦੇ ਰੋਹ ਅਤੇ ਗੁੱਸੇ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲੇ, ਸਿੰਘ ਸਾਹਿਬਾਨ ਤੇ ਸ ਝੇ ਅਕਾਲੀ ਦਲ ਵਾਲੇ ਕਿਵੇਂ ਵਰਤੀ ਜਾ ਰਹੇ ਹਨ ਤੇ ਹਿੰਦੂ ਵਸੋਂ ਨੂੰ ਸ਼ਿਵ ਸੈਨਾ ਵਰਗੀਆਂ ਫ਼ਾਸ਼ੀ ਜਥੇਬੰਦੀਆਂ ਕਿਵੇਂ ਮਗਰ ਲਾਈ ਫਿਰਦੀਆਂ ਹਨ। ਅਸੀਂ ਚਾਰ ਸਾਲ ਪਹਿਲਾਂ ਹੀ ਆਖ ਦਿਤਾ ਸੀ, ਸਾਡੀ ਫਲਾਣੇ ਬਾਰੇ ਦੋ ਸਾਲ ਪਹਿਲੀ ਲਿਖੀ ਗੱਲ ਸੱਚ ਸਿੱਧ ਹੋ ਗਈ, ਕਮਿਊਨਿਸਟਾਂ ਦੇ ਕਹਿਣ ਵਾਲੀਆਂ ਗੱਲਾਂ ਨਹੀਂ। ਇਹ ਤਾਂ 'ਅਜੀਤ' (ਹਮਦਰਦ ਸਾਹਿਬ ਵੇਲੇ) 'ਜੱਗ ਬਾਣੀ' ਵਰਗੇ ਅਖਬਾਰਾਂ ਦੀਆਂ ਮਨਭਾਉਂਦੀਆਂ ਖ਼ਬਰਾਂ ਹੁੰਦੀਆਂ ਹਨ ਕਿ 'ਅਸੀਂ ਬਾਜੀ ਮਾਰ ਗਏ।' ਕਮਿਊਨਿਸਟ ਜੋਤਸ਼ੀ ਨਹੀਂ ਹੁੰਦੇ। ਹਾਂ, ਕਮਿਊਨਿਸਟ ਹਾਲਾਤਾਂ ਦਾ ਖਾਸੇ ਮੋਤਾ ਲੈ ਲੈਣ ਬਾਰੇ, ਆਪਣੇ ਅਨੁ-ਭਵ ਤੇ ਤਜਰਬੇ ਦੇ ਆਧਾਰ ਤੇ ਕੋਈ ਪੇਸ਼ਗੋਈ ਕਰ ਸਕਦੇ ਹਨ। ਐਮਰਜੈਂਸੀ ਦੌਰਾਨ ਸਾਰੇ ਇਨਕਲਾਬੀ ਗਰੁੱਪ ਪੇਸ਼ਗੋਈਆਂ ਕਰ ਰਹੇ ਸਨ ਕਿ ਹੁਣ ਫਾਸ਼ਿਜ਼ਮ ਆ ਗਿਆ ਹੈ ਜਾਂ ਆਉਣ ਵਾਲਾ ਹੈ, ਅਖੌਤੀ ਭਾਰਤੀ ਜਮਹੂਰੀਅਤ ਦਾ ਚਿਹਰਾ ਬੇ-ਨਕਾਬ ਹੋ ਗਿਆ ਹੈ, ਆਦਿ ਆਦਿ। ਪਰ ਜੈ ਪ੍ਰਕਾਸ਼ ਨਰਾਇਣ ਭਾਰਤੀ ਲੋਕਾਂ ਦੇ ਐਮਰਜੰਸੀ ਵਿਰੁੱਧ ਰੋਹ ਤੇ ਗੁੱਸੇ ਨੂੰ ਵਰਤਕੇ, ਇੰਦਰਾ ਦਾ ਤਖ਼ਤਾ ਉਲਟਾਉਣ ਵਿਚ ਸਫਲ ਹੋ ਗਿਆ ਸੀ। ਤੇ ਕਮਾਲ ਦੀ ਗੱਲ ਇਹ ਸੀ ਜੈ ਪ੍ਰਕਾਸ਼ ਦੇ ਨਾਲ ਜੋ ਪਾਰਟੀਆਂ ਜੁੜੀਆਂ ਉਹ ਸਨ ਜਿਹੜੀਆਂ ਕਿ 1971 ਦੀਆਂ ਚੋਣਾਂ ਵਿਚ "ਗਰੈਂਡ ਅਲਾਇੰਸ' ਬਣਾਕੇ ਇੰਦਰਾ ਤੋਂ ਬੁਰੀ ਤਰ੍ਹਾਂ ਮਾਰ ਖਾ ਚੁੱਕੀਆਂ ਸਨ। ਤੇ 'ਸੁਰਖ ਰੇਖਾ' ਗੁਰਸ਼ਰਨ ਸਿੰਘ ਨੂੰ ਮਿਹਣਾ ਮਾਰਦਾ ਹੈ ਕਿ ਇਸਨੂੰ 1971 ਵਿਚ ਲਾਲ ਤੇ ਤਰੰਗਾ ਝੰਡਾ ਕੱਠਾ ਝੂਲਦਾ ਵੇਖਕੇ ਹੀ ਕਮਿਊਨਿਸਟਾਂ ਦੇ ਕਿਰਦਾਰ ਬਾਰੇ ਪਤਾ ਲੱਗਾ। ਹੁਣ ਜੇ ਏਹੀ ਦਲੀਲ ਤੇ ਚੱਲਦਿਆਂ ਇਹ

ਕਹੀਏ ਕਿ ਚਾਰੂ ਮਾਜੂਮਦਾਰ, ਸਨਿਆਲ, ਨਾਗਾ ਰੈਡੀ, ਤੇ ਖੁਦ ਪੰਜਾਬ ਦੇ ਹਾਕਮ ਸਿੰਘ, ਬੂਝਾ ਸਿੰਘ ਤੇ ਭੱਟੀ ਸਾਹਿਬ ਨੂੰ, ਬੰਗਾਲ ਦੀ ਸਾਂਝਾ-ਮੋਰਚਾ ਸਰਕਾਰ, (ਜਿਸ ਵਿਚ ਕਿ ਕਮਿਊਨਿਸਟ ਪਾਰਟੀਆਂ ਭਾਈਵਾਲ ਸਨ) ਵਲੋਂ ਨਕਸਲਬਾੜੀ ਦੇ ਕਿਸਾਨਾਂ ਤੇ ਗੋਲੀ ਚਲਾਉਣ ਵੇਲੇ ਹੀ ਪਤਾ ਲੱਗਾ ਕਿ ਇਹ ਪਾਰਟੀਆਂ ਇਨਕਲਾਬੀ ਨਹੀਂ ਹਨ। ਪਹਿਲਾਂ ਇਹਨਾਂ ਨੂੰ ਇਹ ਇਨਕਲਾਬੀ ਹੀ ਦਿਸਦੀਆਂ ਸਨ ? ਕੋਈ ਬਹੁਤੇ ਸਮੇਂ ਦਾ ਵੀ ਫ਼ਰਕ ਨਹੀਂ ਹੈ-ਸਿਰਫ਼ ਚਾਰ ਸਾਲ ਹੀ ਬਣਦੇ ਹਨ। ਸੋ ਲਿਖਣ ਵੇਲੇ ਭੱਟੀ ਸਾਹਿਬ ਤਸਵੀਰ ਦਾ ਦੂਜਾ ਪਾਸਾ ਵੀ ਦੇਖ ਲਿਆ ਕਰੋ।

ਬਾਕੀ ਰਹੀ ਗੱਲ ਪਲਸ ਮੰਚ ਦੀ। ਪਲਸ ਮੰਚ ਦਾ ਜੇ ਕੋਈ ਮੂੰਹ ਮੱਥਾ ਬਣ ਸਕਿਆ ਹੈ ਤਾਂ ਇਸਦੀ ਮੁੱਖ ਵਜਾਹ ਏਹੀ ਸੀ ਕਿ ਸ. ਗੁਰਸ਼ਰਨ ਸਿੰਘ ਇਸਦੇ ਪ੍ਰਧਾਨ ਸਨ। ਤੁਸੀਂ ਜਾਣਦੇ ਹੀ ਹੋਵੋਗੇ ਕਿ ਕੁਝ ਸਾਲ ਪਹਿਲਾਂ ਬਾਰੂ ਸਤਵਰਗ ਨੇ "ਇਨਕਲਾਬੀ ਲਿਖਾਰੀਸਭਾ" ਨਾਂ ਦੀ ਜਥੇਬੰਦੀ ਖੜੀ ਕੀਤੀ ਸੀ। ਜਸਵੰਤ ਸਿੰਘ ਕੰਵਲ ਅਤੇ ਸ. ਗੁਰਸ਼ਰਨ ਸਿੰਘ ਨੂੰ ਇਸਦੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ। ਕੰਵਲ ਸਾਹਬ ਤਾਂ ਪਹਿਲੇ ਸਮਾਗਮ ਤੇ ਪੁੱਜੇ ਹੀ ਨਾ। ਗੁਰਸ਼ਰਨ ਸਿੰਘ ਹੋਰੀਂ ਕੁੱਝ ਮਜਬੂਰੀਆਂ ਕਾਰਨ ਹਾਜ਼ਰ ਨਾ ਹੋ ਸਕੇ। ਮੈਂ ਤੇ ਧਰਮਪਾਲ ਉਪਾਸ਼ਕ ਫ਼ੁਨੀਰ ਵਿਖੇ ਪਹਿਲੇ ਸਮਾਗਮ ਵਿਚ ਹਾਜ਼ਰ ਹੋਏ। ਪਰ ਉਸ ਸਮਾਗਮ ਵਿਚ ਉਸ 'ਇਨਕਲਾਬੀ ਗਰੁੱਪ' ਨੇ ਹਰ ਮਤੇ ਤੇ ਵਿਧਾਨ ਵਿਚ ਆਪਣੀ ਕੱਟੜ-ਪੰਥੀ ਸੋਚ ਦਾ ਏਨਾ ਭੱਦਾ ਮੁਜ਼ਾਹਰਾ ਕੀਤਾ ਕਿ ਕੋਈ ਵਿਰੋਧੀ ਗੱਲ ਵੱਲ ਉਕਾ ਹੀ ਧਿਆਨ ਨਾ ਦਿਤਾ ਗਿਆ। ਨਤੀਜੇ ਦੇ ਤੌਰ ਤੇ ਅੱਜ ਉਸ ਸਭਾ ਦਾ ਭੋਗ ਪੈ ਚੁੱਕਾ ਹੈ।

ਪਲਸ ਮੰਚ ਵਿਚ, ਸ. ਗੁਰਸ਼ਰਨ ਸਿੰਘ ਦੀ ਸਾਹਿੱਤ/ ਸਭਿਆਚਾਰ ਦੇ ਖੇਤਰ ਵਿਚ ਅਦੁੱਤੀ ਦੇਣ ਕਾਰਨ ਪਹਿਲਾਂ ਪਹਿਲਾਂ ਕਾਫ਼ੀ ਲੇਖਕ ਤੇ ਕਲਾਕਾਰ ਇਸਦੇ ਸਮਾਗਮਾਂ ਵਿਚ ਹਾਜ਼ਰ ਹੋਏ। ਮੰਚ ਦੇ ਛੰਦੜਾਂ (ਲੁਧਿਆਣੇ) ਵਿਖੇ ਕਰਵਾਏ ਸਮਾਗਮ ਵਿਚ ਪੰਜਾਬੀ ਦੇ ਇਨਕਲਾਬੀ ਤੇ ਪ੍ਰਗਤੀਵਾਦੀ ਧਾਰਾ ਨਾਲ ਜੁੜੇ ਕੁੱਝ ਪ੍ਰਸਿੱਧ ਕਵੀ / ਲੇਖਕ ਸ਼ਾਮਲ ਹੋਏ। ਜਿਨ੍ਹਾਂ ਵਿਚ ਪਾਸ਼,ਮਹਿੰਦਰ ਪਾਲ ਭੱਠਲ, ਹਮਦਰਦਵੀਰ ਨੌਸ਼ਹਿਰਵੀ, ਮਹਿੰਦਰ ਰਾਮਪੁਰੀ, ਧਰਮ ਕੰਮੇਆਣਾ, ਧਰਮਪਾਲ ਉਪਾਸ਼ਕ,ਮੋਹਨ ਭੰਡਾਰੀ, ਲਾਲ ਸਿੰਘ ਦਿਲ, ਗੁਰਬਖਸ਼ ਜੱਸ, ਜਸਬੀਰ ਮੰਡ ਤੇ ਇਹਨਾਂ ਸਤਰਾਂ ਦਾ ਲੇਖਕ ਹੈ, ਸ਼ਾਮਲ ਹੋਏ। ਸੂਬਾ ਕਮੇਟੀ, ਪ੍ਰਕਾਸ਼ਨ ਕਮੇਟੀ ਬਣੀ। ਪਰ ਇਹਨਾਂ ਦੇ ਕਨਵੀਨਰਾਂ ਨੇ ਪਾਸ਼, ਉਪਾਸ਼ਕ, ਦਿਲ, ਕੰਮੇਆਣਾ, ਗਰੇਵਾਲ ਆਦਿ ਨੂੰ ਕਿਸੇ ਕਮੇਟੀ ਦੀ ਮੀਟਿੰਗ ਲਈ ਨਹੀਂ ਬੁਲਾਇਆ।

ਸਾਡੇ ਕਮਿਊਨਿਸਟ ਲੀਡਰਾਂ ਨੂੰ ਇਹ ਇਕ ਆਮ ਬਿਮਾਰੀ ਹੈ ਕਿ ਉਹਨਾਂ ਨੇ ਚੰਗਾ ਸਾਹਿੱਤ ਤਾਂ ਛਡੋ, ਮਾਰਕਸਵਾਦ-ਲੈਨਿਨਵਾਦ ਨਾਲ ਸੰਬੰਧਤ ਇਕ ਵੀ ਕਿਤਾਬ ਨਹੀਂ ਪੜ੍ਹੀ ਹੁੰਦੀ ਪਰ ਉਹ ਲੇਖਕਾਂ ਨੂੰ ਨਸੀਹਤਾਂ ਦੇਣਾ ਪਹਿਲਾ ਫਰਜ਼ ਸਮਝਦੇ ਹਨ। ਸਾਥੀ ਅਮੋਲਕ ਸਿੰਘ, ਜ਼ੋਰਾ ਸਿੰਘ ਨਸਰਾਲੀ, ਸਰਜਿੰਦਰ ਕੇਦਾਰ (ਪਲਸ ਮੰਚ ਦੇ ਹੁਣ ਤੀਕ ਸਕੱਤਰ ਚਲੇ ਆਉਂਦੇ ਹਨ।) ਚੰਗੇ ਪ੍ਰਬੰਧਕ ਹੋ ਸਕਦੇ ਹਨ, ਜਨਤਕ ਲੀਡਰ ਵੀ ਹੋ ਸਕਦੇ ਹਨ, ਪਰ ਇਹ ਤਾਂ ਜ਼ਰੂਰੀ ਨਹੀਂ ਹੈ ਕਿ ਇਹ ਸਾਹਿੱਤਕਾਰਾਂ/ਕਲਾਕਾਰਾਂ ਨੂੰ ਅਗਵਾਈ ਦੇ ਸਕਣ। ਹੁਣ ਸ. ਗੁਰਸ਼ਰਨ ਸਿੰਘ ਪਲਸ ਮੰਚ ਦੇ ਪ੍ਰਧਾਨ ਨਹੀਂ ਰਹੇ, ਜੱਸ ਸੂਬਾ ਕਮੇਟੀ ਦਾ ਮੈਂਬਰ ਵੀ ਨਹੀਂ ਹੈ। ਉਂਜ ਭਾਵੇਂ ਭਾਅ ਜੀ ਨੇ ਉਹਨਾਂ ਨੂੰ ਸਹਿਯੋਗ ਦਾ ਭਰੋਸਾ ਦਿਤਾ ਹੈ ਪਰ ਜਿਸ ਕਾਰ ਦਾ ਸੁਰਖ ਰੇਖਾ ਨੇ ਭਾਅ ਜੀ ਤੇ ਚਿਕੜ ਉਛਾਲਿਆ ਹੈ, ਮੈਂ ਸਮਝਦਾ ਹਾਂ ਕਿ ਨਵੀਂ ਪਲਸ ਮੰਚ ਟੀਮ ਉਹਨਾਂ ਨੂੰ 'ਖੂੰਜੇ' ਲਾਣ ਦੀ ਕੋਸ਼ਿਸ਼ ਕਰੇਗੀ। ਮੈਂ ਕੋਈ ਭਵਿਖਬਾਣੀ ਤਾਂ ਨਹੀਂ ਕਰਦਾ.ਪਰ ਪਿਛਲੀਆਂ ਸਾਹਿੱਤਕ ਤੇ ਸਭਿਆਰਕ ਜਥੇਬੰਦੀਆਂ (ਜਿਹਨਾਂ ਨੂੰ ਉਹਨਾਂ ਦੇ ਕਰਤਿਆਂ-ਧਰਤਿਆਂ ਨੇ ਆਪਣੇ ਆਪਣੇ ਗਰੁੱਪ ਦੀ ਲਾਈਨ ਦੇ ਸਾਂਚੇ ਵਿਚ ਪੂਰੀ ਤਰ੍ਹਾਂ ਫਿੱਟ ਕੀਤਾ ਹੈ) ਦਾ ਹਸ਼ਰ ਮਾੜਾ ਹੀ ਹੋਇਆ ਹੈ ਤੇ ਉਹ ਕੁਝ ਸਮਾਂ ਪਾ ਕੇ ਉਹਨਾਂ ਦੇ ਘੜੰਮ ਚੌਧਰੀਆਂ ਦੀ ਮਾਨਸਿਕ ਤਸੱਲੀ ਲਈ ਤਾਂ ਕਾਫ਼ੀ ਹੁੰਦੀਆਂ ਹਨ ਪਰ ਉਂਜ ਮਹਿਜ਼ ਕਾਗਜ਼ੀ ਮੋਹਰਾਂ ਹੋ ਨਿਬੜ-ਦੀਆਂ ਹਨ।

ਭਾਵੇਂ ਕਮਿਊਨਿਸਟ ਪਾਰਟੀਆਂ ਤੇ ਸਾਡੇ ਇਨਕਲਾਬੀ ਗਰੁੱਪ ਪੰਜਾਬ ਵਿਚ 'ਅਮਨ ਮਾਰਚ' ਜਾਂ 'ਖਾੜਕੂ', 'ਰੋਹ-ਭਰ' ਤੇ 'ਹਥਿਆਰਬੰਦ' ਮੁਜ਼ਾਹਰੇ ਆਦਿ ਕਰਦੀਆਂ ਆ ਰਹੀਆਂ ਹਨ। ਪਰ ਕੋਈ ਸਾਥੀ ਈਮਾਨਦਾਰੀ ਨਾਲ ਇਹ ਨਹੀਂ ਕਹਿ ਸਕਦਾ ਕਿ ਅਸੀਂ 'ਖਾਲਿਸਤਾਨੀ ਅਨਸਰਾਂ' ਦਾ ਕਿਸੇ ਪੱਧਰ 'ਤੇ ਮੂੰਹ ਭੰਨ ਸਕੇ ਹਾਂ ਜਾਂ ਪੰਜਾਬ ਦੀ ਸਿੱਖ ਵਸੋਂ ਵਿਚ ਉਹਨਾਂ ਪ੍ਰਤਿ ਪਾਈ ਜਾਂਦੀ ਹਮਦਰਦੀ ਨੂੰ ਅਸਰਦਾਇਕ ਢੰਗ ਨਾਲ ਖ਼ਤਮ ਕਰ ਸਕੇ ਹਾਂ। ਇੱਕ-ਦੁੱਕਾ ਘਟਨਾਵਾਂ ਨੂੰ ਉਛਾਲਣ ਨਾਲ ਅਸੀਂ ਆਪਣੀ ਆਤਮਾ ਨੂੰ ਸ਼ਾਂਤੀ ਤਾਂ ਦੇ ਸਕਦੇ ਹਾਂ, ਪਰ ਪੰਜਾਬ ਪੱਧਰ ਤੇ ਉਹਨਾਂ ਦੇ ਜਨਤਕ-ਆਧਾਰ ਨੂੰ ਭੋਰਾ-ਭਰ ਵੀ ਖੋਰਾ ਨਹੀਂ ਲਾ ਸਕੇ।

'ਇਨਕਲਾਬੀ ਏਕਤਾ ਕੇਂਦਰ" ਦੀ ਉਸਾਰੀ ਇਕ ਚੰਗਾ ਕਦਮ ਸੀ। ਜੇਕਰ ਸਾਰੇ ਇਨਕਲਾਬੀ ਗਰੁੱਪ ਆਪਣੀਆਂ ਸੰਕੀਰਣ ਸੋਚਾਂ ਜਾਂ ਸਟੈਂਡਾਂ ਨੂੰ ਤਿਆਗ ਕੇ ਇਕ ਪਲੇਟ-ਫਾਰਮ ਤੇ ਇਕੱਠੇ ਹੋ ਜਾਂਦੇ ਤਾਂ ਅਸੀਂ ਪੰਜਾਬ ਦੀਆਂ ਕੁੱਝ ਹੋਰ ਜਮਹੂਰੀ ਤੇ ਜਨਤਕ ਜਥੇ-ਬੰਦੀਆਂ—ਜੋ ਖਾਲਿਸਤਾਨ ਦੀ ਮੰਗ ਰੱਦ ਕਰਦੀਆਂ ਸਨ ਤੇ ਦਹਿਸ਼ਤਗਰਦਾਂ ਵਲੋਂ ਕੀਤੀਆਂ ਜਾ ਰਹੀਆਂ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਦੀ ਨਿਖੇਧੀ ਕਰਦੀਆਂ ਸਨ—

Rged. with the Register News papers Vide No. MA/12397-D dated 18.4.80
Post Office No. P/AR—133

ਨੂੰ ਵੀ ਨਾਲ ਤੋਰ ਸਕਦੇ ਸਾਂ ।

ਪੰਜਾਬ ਵਿਚ ਅੱਜ ਜਿਥੇ ਸਿੱਖਾਂ ਦੇ ਜ਼ਖ਼ਮੀ ਹਿਰਦਿਆਂ ਨੂੰ ਸ਼ਾਂਤ ਕਰਨ ਤੇ ਉਹਨਾਂ ਨੂੰ ਭਾਰਤ ਦੇ ਸਮੂਹ ਘੱਟ-ਗਿਣਤੀ ਫ਼ਿਰਕਿਆਂ ਅਤੇ ਲੁੱਟ-ਖਸੁੱਟ ਦਾ ਸ਼ਿਕਾਰ ਕਿਰਤੀ-ਕਿਰਸਾਨਾਂ ਦੇ ਨਾਲ ਮੋਢਾ ਜੋੜਕੇ ਸਾਂਝੇ-ਦੁਸ਼ਮਣ ਭਾਰਤ ਦੇ ਲੋਟੂ ਨਿਜ਼ਾਮ—ਨਾਲ ਲੜਨ ਲਈ ਤਿਆਰ ਕਰਨ ਦੀ ਲੋੜ ਹੈ, ਉਥੇ ਪੰਜਾਬ ਵਿਚ ਖਾਲਸਤਾਨੀ ਦਹਿਸ਼ਤਗਰਦਾਂ ਦੇ ਰੋਜ਼ ਸ਼ਿਕਾਰ ਬਣਦੇ ਹਿੰਦੂ ਵੀਰਾਂ ਨੂੰ ਵੀ ਇਹ ਸਮਝਾਉਣ ਦੀ ਲੋੜ ਹੈ ਕਿ ਮਸਲਾ ਹਿੰਦੂ-ਸਿਖ ਦਾ ਨਹੀਂ, ਸਗੋਂ ਕੇਂਦਰ ਦੀ, ਹਰ ਤਬਕੇ ਦੇ ਕਾਮੇ-ਕਿਰਤੀਆਂ ਦੀ ਲੁੱਟ ਕਰਦੀ ਸਰਮ ਏਦਾਰੀ ਦੇ ਖ਼ਿਲਾਫ਼ ਜੂਝਣ ਦਾ ਹੈ । ਕੇਂਦਰੀ ਹੁਕਮਰਾਨਾਂ ਵਿਚ ਤਾਂ ਬੂਟਾ ਸਿੰਘ ਤੇ ਢਿਲੋਂ ਵੀ ਹਨ, ਮੋਹਸਿਨਾਂ ਕਿਦਵਾਈ, ਗਨੀ ਖ਼ਾਨ ਚੌਧਰੀ ਵੀ ਹਨ ਤੇ ਅਨੇਕਾਂ ਹਿੰਦੂ ਵੀ ਹਨ । ਇਹ ਸਰਕਾਰ ਕਿਸੇ ਫ਼ਿਰਕੇ ਦੀ ਨਹੀਂ ਹੈ, ਵੱਡੀ ਸਰਮਾਏਦਾਰੀ ਦੀ ਹੈ, ਜਿਨ੍ਹਾਂ ਵਿਚ ਸ਼ਾਮਲ ਸਭ ਜਾਤਾਂ ਪਾਤਾਂ ਦੇ ਹਿੱਤ ਇਕ ਹਨ । ਆਪਣੀ ਗੱਦੀ ਲਈ ਉਹ ਦਿੱਲੀ, ਕਾਨਪੁਰ, ਮੇਰਠ ਭਿਵੰਡੀ ਕਿਤੇ ਵੀ ਅਲੱਗ-ਅਲੱਗ ਫ਼ਿਰਕਿਆਂ ਦੇ ਭੇੜ ਕਰਵਾਉਂਦੇ ਹਨ ਤੇ ਆਪਣੀ ਗੱਦੀ ਪੱਕੀ ਕਰਦੇ ਹਨ ।

ਸੋ ਅੰਤ ਵਿਚ ਮੈਂ ਇਕ ਵਾਰ ਫਿਰ ਸੁਰਖ-ਰੇਖਾ' ਤੇ 'ਜਨਤਕ-ਲੀਹ' ਵਾਲੇ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਸਮੇਂ ਦੀ ਨਜ਼ਾਕਤ ਸਮਝੋ । ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੇਗਾ । ਸਾਡੇ ਇਹ ਦਮਗਜੇ ਤੇ ਐਲਾਨ ਕਿ ਸਮਾਂ ਸਾਡੀ ਲਾਈਨ ਦੀ ਦਰੁਸਤੀ ਸਿੱਧ ਕਰੇਗਾ, ਬੇਕਾਰ ਹਨ । ਪਿਛਲੇ ਵੀਹ ਵਰ੍ਹਿਆਂ ਨੇ ਕਿਸ ਧੜੇ ਦੀ 'ਸਮਝ' ਜਾਂ 'ਸੇਧ' ਦਰੁਸਤ ਕਰਾਰ ਦਿੱਤੀ ਹੈ—ਸਾਡੇ ਸੱਭਦੇ ਸਾਹਮਣੇ ਹੈ । ਵਾਰ-ਵਾਰ ਗ਼ਲਤੀਆਂ ਕਰਨ ਦਾ ਇਲਜ਼ਾਮ ਅਸੀਂ ਦੋਵੇਂ ਕਮਿਊਨਿਸਟ ਪਾਰਟੀਆਂ ਤੇ ਲਾਉਂਦੇ ਹਾਂ ਪਰ ਆਪ ਅਸੀਂ ਪਿਛਲੇ 20 ਸਾਲਾਂ ਵਿਚ ਕਿਹੜੀ 'ਸੇਧ', 'ਸਮਝ' ਜਾਂ 'ਸੋਚ' ਨਿਤਾਰਕੇ ਰੱਖ ਦਿੱਤੀ ਹੈ ? ਅਸੀਂ ਸਗੋਂ ਉਹਨਾਂ ਨਾਲੋਂ ਵੀ ਵੱਧ ਭੰਬਲ-ਭੂਸਿਆਂ ਵਿਚ ਫਸੇ ਫਿਰਦੇ ਹਾਂ । ਇਹਨਾਂ 20 ਸਾਲਾਂ ਦੇ ਲੰਬੇ ਸਮੇਂ ਨੇ ਇਨਕਲਾਬੀ ਸ਼ਕਤੀਆਂ ਵਿਚ ਕਿਤਨੀ ਕੁ ਏਕਤਾ ਪੈਦਾ ਕੀਤੀ ਹੈ, ਕਿਤਨੀ ਕੁ ਸਾਡੀ ਸ਼ਕਤੀ ਵਧੀ ਹੈ । ਕੀ ਅਸੀਂ ਇਤਨੇ ਵੱਡੇ ਦੇਸ਼ ਵਿਚ ਕਿਸੇ ਇਕ ਵੀ ਸੂਬੇ ਵਿਚ ਕੋਈ ਗਿਣਨ-ਯੋਗ ਲੋਕ-ਸ਼ਕਤੀ ਬਣ ਸਕੇ ਹਾਂ । ਕੀ ਪੰਜਾਬ ਵਿਚ ਅੱਜ ਅਸੀਂ ਕਿਸੇ ਬਲਾਕ, ਤਹਿਸੀਲ ਜਾਂ ਜ਼ਿਲੇ ਦਾ ਨਾਂ ਗਿਣਾ ਸਕਦੇ ਹਾਂ ਜਿਥੇ ਕਿ ਅਸੀਂ ਦਨ-ਦਨਾਉਂਦੇ ਫਿਰਦੇ ਖਾਲਿਸਤਾਨੀ ਬੁਰਛਾ ਗਰਦਾਂ ਨੂੰ ਵੰਗਾਰ ਸਕਦੇ ਜਾਂ ਆਖ ਸਕਦੇ ਹਾਂ ਕਿ ਇਸ ਬਲਾਕ, ਤਹਿਸੀਲ ਜਾਂ ਜ਼ਿਲੇ ਵਿਚ ਖਾਲਿਸਤਾਨੀ ਦਹਿਸ਼ਤਗ਼ਰਦ 'ਘੁਸਣ' ਦੀ ਹਿੰਮਤ ਨਹੀਂ ਕਰ ਸਕਦੇ ।

ਇਨਕਲਾਬੀ ਏਕਤਾ ਦੇ ਚਾਹਵਾਨ ਵਜੋਂ ਮੈਂ ਮੈਂ ਉਪਰਲੇ ਸੁਆਲ/ਨੁਕਤੇ ਉਠਾਏ ਹਨ, ਇਹ ਸਵਾਲ ਨੁਕਤੇ ਮੇਰੇ ਵਰਗੇ ਹੋਰ ਵੀ ਸੈਂਕੜੇ ਹਮਦਰਦਾਂ ਦੇ ਮਨਾਂ ਵਿਚ ਹਨ । ਕੀ ਇਹ ਸਾਥੀ ਇਹਨਾਂ ਬਾਰੇ ਕੋਈ ਤਸੱਲੀ-ਬਖ਼ਸ਼ ਜੁਆਬ ਦੇ ਸਕਦੇ ਹਨ । ਉਂਜ ਇਹਨਾਂ ਬਾਰੇ 'ਸੁਰਖ ਰੇਖਾ' ਤੇ ਜਨਤਕ ਲੀਹ ਕੀ ਜੁਆਬ ਦੇਣਗੇ, ਜੇਕਰ ਈਮਾਨਦਾਰੀ ਨਹੀਂ ਵਰਤਦੇ ਤਾਂ ਮੈਂ ਦਾਅਵਾ ਕਰਦਾ ਹਾਂ ਕਿ ਉਹਨਾਂ ਦੇ ਜੁਆਬ ਮੈ ਖ਼ੁਦ ਦਸ ਸਕਦਾ ਹਾਂ । ਇਹ ਮੇਰਾ ਚੈਲਿੰਜ ਹੈ ਕਿ ਉਹ ਲਿਖਣ ਤੋਂ ਪਹਿਲਾਂ ਮੇਰੇ ਵਲੋਂ ਤਿਆਰ ਕੀਤੇ ਜੁਆਬ ਮੰਗ ਸਕਦੇ ਹਨ । o

---

ਇਨਕਲਾਬ ਜ਼ਿੰਦਾਬਾਦ ! ਪੰਜਾਬ ਮਸਲੇ ਦਾ ਜਮਹੂਰੀ ਹੱਲ ਲੱਭੋ ! ਇਨਕਲਾਬੀ ਸ਼ਕਤੀਆਂ ਦਾ ਏਕਾ ਜ਼ਿੰਦਾਬਾਦ !

## 9 ਨਵੰਬਰ ਮਾਨਸਾ ਚਲੋ !

## ਇਨਕਲਾਬੀ ਕੇਂਦਰ ਪੰਜਾਬ ਦੇ ਸਥਾਪਨਾ ਦਿਵਸ ਤੇ
## 9 ਨਵੰਬਰ ਦਾਣਾ ਮੰਡੀ ਮਾਨਸਾ ਵਿਚ ਦਿਨ ਦੇ 10 ਵਜੇ ਤੋਂ ਦੁਪਹਿਰ ਦੇ 3 ਵਜੇ ਤੱਕ
## ਇਕ ਵਿਸ਼ਾਲ ਕਾਨਫਰੰਸ ਅਤੇ ਸਭਿਆਚਾਰਕ ਪ੍ਰੋਗਰਾਮ

ਇਨਕਲਾਬ ਦਾ ਨਿਸ਼ਾਨਾ ਇਕ ਐਸਾ ਸਮਾਜ ਬਨਾਉਣਾ ਹੈ :

- o ਜਿਥੇ ਕੋਈ ਕਿਸੇ ਦੀ ਮਿਹਨਤ ਨਾ ਲੁੱਟੇ ।
- o ਜਿਥੇ ਜ਼ਾਤ ਪਾਤ ਦੇ ਵਿਤਕਰੇ ਮੁੱਕਣ ।
- o ਜਿਥੇ ਅਮੀਰ ਤੇ ਗਰੀਬ ਦੇ ਵਿਤਕਰੇ ਖਤਮ ਹੋਣ ।
- o ਜਿਥੇ ਸਮਾਜ ਦੇ ਸਾਧਨਾਂ ਤੇ ਸਭ ਦੇ ਹੱਕ ਬਰਾਬਰ ਹੋਣ ।

ਸਾਧਾਰਨ ਲੋਕਾਂ ਨੂੰ ਇਨਕਲਾਬ ਬਾਰੇ ਚੇਤਨ ਕਰਨ ਲਈ, ਇਨਕਲਾਬ ਦਾ ਸੁਨੇਹਾ ਘਰ ਘਰ ਪੁਚਾਣ ਲਈ, ਇਨਕਲਾਬੀ ਲਹਿਰ ਵਿਚ ਏਕਤਾ ਲਿਆਉਣ ਅਤੇ ਇਨਕਲਾਬੀ ਲਹਿਰ ਨੂੰ ਵਿਸ਼ਾਲ ਲੋਕ ਲਹਿਰ ਦਾ ਰੂਪ ਦੇਣ ਲਈ ਇਨਕਲਾਬੀ ਕੇਂਦਰ ਪੰਜਾਬ ਦੀ ਸਥਾਪਨਾ 9 ਨਵੰਬਰ 1986 ਵਿਚ ਕੀਤੀ ਗਈ ਸੀ । ਇਸ ਕੇਂਦਰ ਵਲੋਂ ਆਪਣੇ ਸਥਾਪਨਾ ਦਿਵਸ 'ਤੇ ਇਕ ਵੱਡੀ ਕਾਨਫਰੰਸ ਅਤੇ ਸਭਿਆਚਾਰਕ ਪ੍ਰੋਗਰਾਮ 9 ਨਵੰਬਰ ਦਿਨ ਦੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਣਾ ਮੰਡੀ ਮਾਨਸਾ ਵਿਚ ਕੀਤਾ ਜਾ ਰਿਹਾ ਹੈ । ਇਸ ਵਿਚ ਕੇਂਦਰ ਦੇ ਬੁਲਾਰੇ ਕੇਂਦਰ ਦੇ ਪ੍ਰੋਗਰਾਮ ਬਾਰੇ ਚਾਨਣਾ ਪਾਉਣਗੇ, ਪੰਜਾਬ ਦੇ ਮਸਲੇ ਦੇ ਹੱਲ ਬਾਰੇ ਆਪਣੇ ਸੁਝਾਅ ਦੇਣਗੇ ਅਤੇ

**ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਨਾਟਕਾਂ ਦਾ ਪ੍ਰੋਗਰਾਮ ਪੇਸ਼ ਕੀਤਾਂ ਜਾਵੇ ।**

ਸਾਰਿਆ ਨੂੰ ਖੁਲ੍ਹਾ ਸੱਦਾ ਹੈ । ਵਲੋਂ :—ਸੂਬਾ ਕਮੇਟੀ, ਇਨਕਲਾਬੀ ਕੇਂਦਰ ਪੰਜਾਬ